20-NOV-PAGE-1.qxd 11/19/2023 9:35 PM Page 1

ਸੋਮਵਾਰ, 20 ਨਵੰਬਰ, 2023
5 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 170

ਨਵਾਂ ਜ਼ਮਾਨਾ

DAILY NAWAN ZAMANA • MONDAY, 20 NOVEMBER, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਅਮਰੀਕਾ ਜੰਗਬੰਦੀ ਲਈ ਸਰਗਰਮ

ਵਾਸ਼ਿੰਗਟਨ : ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਕੌਂਸਲ ਦੇ ਬੁਲਾਰੇ ਐਡਰਿਏਨ ਵਾਟਸਨ ਨੇ ਕਿਹਾ ਹੈ ਕਿ ਅਮਰੀਕਾ ਗਾਜ਼ਾ 'ਚ ਬੰਦੀ ਬਣਾਏ ਗਏ ਲੋਕਾਂ ਨੂੰ ਰਿਹਾਅ ਕਰਾਉਣ ਲਈ ਇਜ਼ਰਾਈਲ ਤੇ ਹਮਾਸ ਦਰਮਿਆਨ ਸਮਝੌਤੇ ਵਾਸਤੇ ਸਖਤ ਮਿਹਨਤ ਕਰ ਰਿਹਾ ਹੈ। ਬੁਲਾਰੇ ਨੇ 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਦੇ ਜਵਾਬ 'ਚ ਕਿਹਾ—ਅਸੀਂ ਅਜੇ ਤੱਕ ਕਿਸੇ ਸਮਝੌਤੇ 'ਤੇ ਨਹੀਂ ਪਹੁੰਚੇ ਹਾਂ, ਪਰ ਇਸ ਦੇ ਲਈ ਸਖਤ ਮਿਹਨਤ ਕਰ ਰਹੇ ਹਾਂ।

'ਵਾਸ਼ਿੰਗਟਨ ਪੋਸਟ' ਦੀ ਖਬਰ ਮੁਤਾਬਕ ਇਜ਼ਰਾਈਲ, ਅਮਰੀਕਾ ਤੇ ਹਮਾਸ ਇੱਕ ਅਸਥਾਈ ਸਮਝੌਤੇ ਲਈ ਸਹਿਮਤ ਹੋਏ ਹਨ, ਜਿਸ ਨਾਲ ਗਾਜ਼ਾ 'ਚ ਬੰਦੀ ਬਣਾਈਆਂ ਗਈਆਂ ਦਰਜਨਾਂ ਔਰਤਾਂ ਅਤੇ ਬੱਚਿਆਂ ਨੂੰ ਲੜਾਈ 'ਚ ਪੰਜ ਦਿਨਾਂ ਦੀ ਜੰਗਬੰਦੀ ਦੌਰਾਨ ਰਿਹਾਅ ਕੀਤਾ ਜਾ ਸਕੇਗਾ। ਖਬਰ ਵਿਚ ਕੁਝ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਹ ਪ੍ਰਕਿਰਿਆ ਅਗਲੇ ਕੁਝ ਦਿਨਾਂ 'ਚ ਸ਼ੁਰੂ ਹੋ ਸਕਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਗਾਜ਼ਾ ਵਿਚ ਜੰਗ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਸ਼ਾਂਤੀ ਦੇਖੀ ਜਾ ਸਕਦੀ ਹੈ।

ਛੇ ਪੰਨਿਆਂ ਦੇ ਸਮਝੌਤੇ ਅਨੁਸਾਰ ਯੁੱਧ ਦੀਆਂ ਸਾਰੀਆਂ ਧਿਰਾਂ ਘੱਟੋ-ਘੱਟ ਪੰਜ ਦਿਨਾਂ ਲਈ ਜੰਗਬੰਦੀ ਦਾ ਐਲਾਨ ਕਰਨਗੀਆਂ। ਜਿਸ ਤੋਂ ਬਾਅਦ ਸ਼ੁਰੂਆਤੀ ਦਿਨਾਂ 'ਚ 50 ਜਾਂ ਇਸ ਤੋਂ ਵੱਧ ਬੰਦੀਆਂ ਨੂੰ ਇੱਕ ਥਾਂ ਇੱਕਠੇ ਕੀਤਾ ਜਾਵੇਗਾ ਤੇ ਹਰ 24 ਘੰਟਿਆਂ 'ਚ ਰਿਹਾਅ ਕੀਤਾ ਜਾਵੇਗਾ। ਹਾਲਾਂਕਿ ਇਹ ਸਪੱਸ਼ਟ ਨਹੀਂ ਕਿ ਹਮਾਸ 239 ਲੋਕਾਂ ਵਿੱਚੋਂ ਕਿੰਨੇ ਲੋਕਾਂ ਨੂੰ ਸਮਝੌਤੇ ਦੇ ਤਹਿਤ ਛੱਡੇਗਾ। ਇਜ਼ਰਾਈਲ, ਅਮਰੀਕਾ ਤੇ ਹਮਾਸ ਵਿਚਾਲੇ ਦੋਹਾ 'ਚ ਕਈ ਹਫਤਿਆਂ ਤੋਂ ਗੱਲਬਾਤ ਚੱਲ ਰਹੀ ਹੈ, ਜਿਸ 'ਚ ਸਮਝੌਤੇ ਲਈ ਢਾਂਚਾ ਤਿਆਰ ਕੀਤਾ ਗਿਆ ਹੈ। ਅਰਬ ਤੇ ਹੋਰ ਡਿਪਲੋਮੈਟਾਂ ਅਨੁਸਾਰ ਕਤਰ ਨੇ ਵਿਚੋਲੇ ਦੀ ਭੂਮਿਕਾ ਨਿਭਾਉਂਦੇ ਹੋਏ ਗੱਲਬਾਤ ਵਿਚ ਨੁਮਾਇੰਦਗੀ ਕੀਤੀ ਸੀ। ਸੰਯੁਕਤ ਰਾਸ਼ਟਰ ਦੀ ਟੀਮ ਨੇ ਐਤਵਾਰ ਖਾਨ ਯੂਨਿਸ 'ਚ ਗਾਜ਼ਾ ਦੇ ਸਭ ਤੋਂ ਵੱਡੇ ਸ਼ਿਫਾ ਹਸਪਤਾਲ ਦਾ ਦੌਰਾ ਕੀਤਾ ਤੇ ਕਿਹਾ ਕਿ ਹਸਪਤਾਲ 'ਚ ਸਿਰਫ 291 ਮਰੀਜ਼ ਹੀ ਰਹਿ ਗਏ ਹਨ। ਬਾਕੀ ਮਰੀਜ਼ਾਂ ਨੂੰ ਇਜ਼ਰਾਈਲ ਫੌਜ ਨੇ ਸੁਰੱਖਿਅਤ ਬਾਹਰ ਕੱਢ ਲਿਆ ਹੈ। ਜਿਹੜੇ ਮਰੀਜ਼ ਹਸਪਤਾਲ 'ਚ ਹਨ, ਉਨ੍ਹਾਂ 'ਚ 32 ਬੱਚੇ ਹਨ, ਜਿਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਹੈ। ਹਸਪਤਾਲ ਵਿਚ ਕੁਝ ਟਰਾਮਾ ਮਰੀਜ਼ ਤੇ ਗੰਭੀਰ ਦੀ ਹੱਡੀ ਦੇ ਜ਼ਖਮਾਂ ਤੋਂ ਪੀੜਤ ਵਿਅਕਤੀ ਹਨ, ਜੋ ਤੁਰ ਨਹੀਂ ਸਕਦੇ। ਇਨ੍ਹਾਂ ਦੀ ਦੇਖਭਾਲ ਲਈ 25 ਸਿਹਤ ਕਾਮਿਆਂ ਦਾ ਸਟਾਫ ਹਾਜ਼ਰ ਹੈ।

ਰਾਫਾਹ 'ਚ ਬੰਬਾਰੀ ਦੌਰਾਨ ਬਚੇ ਲੋਕਾਂ ਨੂੰ ਭਾਲਦੇ ਫਲਸਤੀਨੀ।

ਨਿਕਾਰਾਗੁਆ ਦੀ ਮੁਟਿਆਰ ਬਣੀ ਮਿਸ ਯੂਨੀਵਰਸ

ਨਵੀਂ ਦਿੱਲੀ : ਮੱਧ ਅਮਰੀਕੀ ਦੇਸ਼ ਨਿਕਾਰਾਗੁਆ ਦੀ ਸ਼ੇਨਿਸ ਪਲਾਸਿਓਸ ਨੇ ਮਿਸ ਯੂਨੀਵਰਸ 2023 ਦਾ ਖਿਤਾਬ ਜਿੱਤ ਲਿਆ ਹੈ। ਇਸ ਕੌਮਾਂਤਰੀ ਸੁੰਦਰਤਾ ਮੁਕਾਬਲੇ 'ਚ ਨਿਕਾਰਾਗੁਆ ਦੀ ਇਹ ਪਹਿਲੀ ਜਿੱਤ ਹੈ। ਮਿਸ ਯੂਨੀਵਰਸ ਮੁਕਾਬਲੇ ਦਾ 75ਵਾਂ ਐਡੀਸ਼ਨ ਸਨਿੱਚਰਵਾਰ ਦੀ ਰਾਤ ਨੂੰ ਅਲ ਸਲਵਾਡੋਰ ਦੇ ਸੈਨ ਸਲਵਾਡੋਰ 'ਚ ਕਰਵਾਇਆ ਗਿਆ ਸੀ। ਮਿਸ ਥਾਈਲੈਂਡ ਐਨਟੋਨੀਆ ਪੋਰਸਿਲਡ ਪਹਿਲੀ ਰਨਰ-ਅਪ ਤੇ ਮਿਸ ਆਸਟਰੇਲੀਆ ਮੋਰਿਆ ਵਿਲਸਨ ਦੂਜੀ ਰਨਰ-ਅਪ ਰਹੀ।

ਮੁਕਾਬਲੇ 'ਚ ਟਾਪ 20 'ਚ ਥਾਂ ਬਣਾਉਣ ਵਾਲੀ ਸ਼ਵੇਤਾ ਸ਼ਾਰਦਾ ਚੰਡੀਗੜ੍ਹ 'ਚ ਪੈਦਾ ਹੋਈ 23 ਸਾਲਾ ਮਾਡਲ ਹੈ। ਉਹ 16 ਸਾਲ ਦੀ ਉਮਰ ਵਿਚ ਮੁੰਬਈ ਚਲੇ ਗਈ ਸੀ। ਪਿਛਲੇ ਸਾਲ ਸ਼ਵੇਤਾ ਨੇ ਸਖਤ ਮੁਕਾਬਲੇ 'ਚ 15 ਹੋਰ ਪ੍ਰਤੀਯੋਗੀਆਂ ਨੂੰ ਹਰਾ ਕੇ ਮੁੰਬਈ 'ਚ ਮਿਸ ਦੀਵਾ ਯੂਨੀਵਰਸ ਦਾ ਖਿਤਾਬ ਜਿੱਤਿਆ ਸੀ।

ਮੈਚ 'ਚ ਫਲਸਤੀਨ

ਅਹਿਮਦਾਬਾਦ : ਵਿਸ਼ਵ ਕੱਪ ਕ੍ਰਿਕਟ ਦੇ ਫਾਈਨਲ ਦੌਰਾਨ ਸੁਰੱਖਿਆ ਬੰਦੋਬਸਤਾਂ 'ਚ ਤਕੜੀ ਸੰਨ੍ਹ ਲੱਗੀ, ਜਦੋਂ ਬੰਦੇ ਨੇ ਮੈਦਾਨ 'ਚ ਵੜ ਕੇ ਵਿਰਾਟ ਕੋਹਲੀ ਨੂੰ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਟੀ-ਸ਼ਰਟ ਦੇ ਅੱਗੇ 'ਫਲਸਤੀਨ ਉੱਤੇ ਬੰਬਾਰੀ ਰੋਕੋ' ਤੇ ਪਿੱਛੇ 'ਫਲਸਤੀਨ ਨੂੰ ਆਜ਼ਾਦ ਕਰੋ' ਲਿਖਿਆ ਹੋਇਆ ਸੀ। ਉਸ ਨੇ ਫਲਸਤੀਨੀ ਰੰਗ ਦਾ ਫੇਸ ਮਾਸਕ ਪਾਇਆ ਹੋਇਆ ਸੀ ਤੇ ਸਤਰੰਗਾ ਝੰਡਾ ਵੀ ਫੜਿਆ ਹੋਇਆ ਸੀ। ਮੈਚ ਕੁਝ ਦੇਰ ਲਈ ਰੋਕਣਾ ਪੈ ਗਿਆ। ਸੁਰੱਖਿਆ ਜਵਾਨ ਉਸ ਨੂੰ ਫੜ ਕੇ ਬਾਹਰ ਲੈ ਕੇ ਗਏ। ਉਸ ਦੀ ਪਛਾਣ ਚੀਨੀ-ਫਿਲਪਾਈਨੀ ਮੂਲ ਦੇ ਆਸਟਰੇਲੀਆਈ ਵਾਯਨੇ ਜੌਹਨਸਨ ਵਜੋਂ ਹੋਈ ਹੈ।

5 ਪੁਲਸ ਮੁਲਾਜ਼ਮਾਂ ਦੀ ਮੌਤ

ਜੈਪੁਰ : ਰਾਜਸਥਾਨ ਦੇ ਚੂਰੂ ਜ਼ਿਲ੍ਹੇ 'ਚ ਪੁਲਸ ਦੀ ਗੱਡੀ ਖੜ੍ਹੇ ਟਰੱਕ ਨਾਲ ਟਕਰਾਉਣ ਕਾਰਨ 5 ਮੁਲਾਜ਼ਮਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 2 ਗੰਭੀਰ ਜ਼ਖਮੀ ਹੋ ਗਏ। ਹਾਦਸਾ ਸੁਜਾਨਗੜ੍ਹ ਸਦਰ ਥਾਣੇ ਦੇ ਇਲਾਕੇ ਵਿਚ ਹੋਇਆ। ਮੁਲਾਜ਼ਮ ਤਾਰਾਨਗਰ ਦੀ ਚੋਣ ਰੈਲੀ ਵੱਲ ਜਾ ਰਹੇ ਸਨ।

ਲਖਨਊ 'ਚ ਖਾਲਸਾ ਚੌਕ ਦਾ ਉਦਘਾਟਨ

ਲਖਨਊ : ਯੂ ਪੀ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਐਤਵਾਰ ਇਥੋਂ ਦੇ ਆਲਮਬਾਗ 'ਚ ਖਾਲਸਾ ਚੌਕ ਦਾ ਉਦਘਾਟਨ ਕੀਤਾ। ਪਹਿਲਾਂ ਇਹ ਚੁਰਾਹਾ 'ਟੇਢੀ ਪੁਲੀਆ' ਵਜੋਂ ਜਾਣਿਆ ਜਾਂਦਾ ਸੀ ਤੇ ਹੁਣ ਇਸ ਨੂੰ ਖਾਲਸਾ ਚੌਕ ਕਿਹਾ ਜਾਵੇਗਾ। ਮੁੱਖ ਮੰਤਰੀ ਨੇ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਦਿਵਸ ਸੰਬੰਧੀ ਸਮਾਗਮ ਨੂੰ ਵੀ ਸੰਬੋਧਨ ਕੀਤਾ।

ਮਹਿਲਾ ਦੀ ਡੇਂਗੂ ਕਾਰਨ ਮੌਤ

ਲਾਲੜੂ : ਇਥੋਂ ਦੇ ਵਾਰਡ ਨੰਬਰ 5 ਦੀ ਕਾਂਤਾ ਦੇਵੀ (47) ਪਤਨੀ ਹਰਭਜਨ ਸਿੰਘ ਦੀ ਡੇਂਗੂ ਬੁਖਾਰ ਕਾਰਨ ਹੋਈ ਇਨਫੈਕਸ਼ਨ ਦੇ ਚਲਦਿਆਂ ਮੌਤ ਹੋ ਗਈ। ਉਹ 10 ਨਵੰਬਰ ਤੋਂ ਡੇਰਾ ਬਸੀ ਹਸਪਤਾਲ 'ਚ ਜ਼ੇਰੇ ਇਲਾਜ ਸੀ, ਜਿੱਥੇ ਉਸ ਦੀ 18 ਨਵੰਬਰ ਨੂੰ ਮੌਤ ਹੋ ਗਈ। ਇਨਫੈਕਸ਼ਨ ਉਸ ਦੇ ਲੀਵਰ ਤੇ ਕਿਡਨੀ ਤੱਕ ਪਹੁੰਚ ਗਈ ਸੀ।

3 ਦਸੰਬਰ ਨੂੰ ਕਾਂਗਰਸ ਛੂ-ਮੰਤਰ ਹੋ ਜਾਵੇਗੀ : ਮੋਦੀ

ਜੈਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ ਐਤਵਾਰ ਰਾਜਸਥਾਨ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਨੇ ਸੂਬੇ ਨੂੰ ਭ੍ਰਿਸ਼ਟਾਚਾਰ, ਦੰਗਿਆਂ ਤੇ ਅਪਰਾਧ 'ਚ ਮੋਹਰੀ ਬਣਾ ਦਿੱਤਾ ਹੈ।

ਮੋਦੀ ਨੇ ਭਰਤਪੁਰ 'ਚ ਪਾਰਟੀ ਦੀ 'ਵਿਜੈ ਸੰਕਲਪ ਰੈਲੀ' ਨੂੰ ਸੰਬੋਧਨ ਕਰਦਿਆਂ ਕਿਹਾ—3 ਦਸੰਬਰ ਨੂੰ ਨਤੀਜੇ ਵਾਲੇ ਦਿਨ ਕਾਂਗਰਸ ਛੂ-ਮੰਤਰ ਹੋ ਜਾਵੇਗੀ। ਨੱਢਾ ਨੇ ਜੋਧਪੁਰ ਦੇ ਪੀਪਾੜ 'ਚ ਕਿਹਾ ਕਿ ਜਿੱਥੇ ਕਾਂਗਰਸ ਦਾ ਨਾਂਅ ਹੋਵੇਗਾ, ਉੱਥੇ ਪਰਵਾਰਵਾਦ ਹੋਵੇਗਾ। ਜਿੱਥੇ ਭਾਜਪਾ ਹੋਵੇਗੀ, ਉੱਥੇ ਹੀ ਵਿਕਾਸ ਹੋਵੇਗਾ।

ਹੁਣ ਸੁਰੰਗ ਦੇ ਉੱਪਰੋਂ ਡਰਿਲਿੰਗ

ਉੱਤਰਕਾਸ਼ੀ : ਸਿਲਕਿਆਰਾ ਸੁਰੰਗ 'ਚ ਫਸੇ 41 ਮਜ਼ਦੂਰਾਂ ਨੂੰ ਸੁਰੱਖਿਅਤ ਕੱਢਣ ਲਈ ਐਤਵਾਰ ਯਤਨ ਹੋਰ ਤੇਜ਼ ਕਰ ਦਿੱਤੇ ਗਏ ਅਤੇ ਬਾਰਡਰ ਰੋਡ ਆਰਗੇਨੀਜ਼ੇਸ਼ਨ (ਬੀ ਆਰ ਓ) ਨੇ ਸੁਰੰਗ ਦੇ ਉਪਰੋਂ ਸਿੱਧੀ (ਵਰਟੀਕਲ) ਡਰਿਲਿੰਗ ਸ਼ੁਰੂ ਕਰਨ ਲਈ ਸੁਰੰਗ ਉਪਰਲੇ ਪਹਾੜ ਤੱਕ ਪਹੁੰਚਣ ਲਈ ਰਸਤਾ ਬਣਾਉਣਾ ਸ਼ੁਰੂ ਕਰ ਦਿਤਾ। ਯਮਨੋਤਰੀ ਕੌਮੀ ਮਾਰਗ 'ਤੇ ਸਿਲਕਿਆਰਾ ਸੁਰੰਗ ਦਾ ਇਕ ਹਿੱਸਾ ਢਹਿ ਜਾਣ ਕਾਰਨ 41 ਮਜ਼ਦੂਰ ਬੀਤੇ ਇਕ ਹਫਤੇ ਤੋਂ ਫਸੇ ਹੋਏ ਹਨ। ਮੌਕੇ 'ਤੇ ਮੌਜੂਦ ਇਕ ਅਧਿਕਾਰੀ ਨੇ ਦੱਸਿਆ ਕਿ ਉਮੀਦ ਹੈ ਕਿ ਬੀ ਆਰ ਓ ਵੱਲੋਂ ਬਣਾਇਆ ਜਾ ਰਿਹਾ ਰਸਤਾ ਛੇਤੀ ਹੀ ਤਿਆਰ ਹੋ ਜਾਵੇਗਾ, ਤਾਂ ਕਿ ਸੁਰੰਗ ਉਪਰ ਮਸ਼ੀਨਾਂ ਪਹੁੰਚਾਉਣ ਤੋਂ ਬਾਅਦ ਵਰਟੀਕਲ ਡਰਿਲਿੰਗ ਦਾ ਕੰਮ ਸ਼ੁਰੂ ਕੀਤਾ ਜਾ ਸਕੇ।

ਗਰੀਬ, ਕਿਸਾਨ ਤੇ ਮਜ਼ਦੂਰ ਹੀ 'ਭਾਰਤ ਮਾਤਾ' : ਰਾਹੁਲ

ਜੈਪੁਰ : ਰਾਹੁਲ ਗਾਂਧੀ ਨੇ ਰਾਜਸਥਾਨ ਦੇ ਬੂੰਦੀ 'ਚ ਐਤਵਾਰ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਨੂੰ ਬਦਲਣ ਦਾ ਸਮਾਂ ਆ ਗਿਆ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਭਾਰਤ ਮਾਤਾ ਦੀ ਜੈ' ਕਹਿਣ ਦੀ ਥਾਂ 'ਅਡਾਨੀ ਜੀ ਦੀ ਜੈ' ਕਹਿਣਾ ਚਾਹੀਦਾ ਹੈ। ਜਾਤੀ ਆਧਾਰਤ ਜਨਗਣਨਾ ਦੀ ਹਮਾਇਤ ਕਰਦੇ ਹੋਏ ਉਨ੍ਹਾ ਕਿਹਾ ਕਿ ਭਾਵੇਂ ਕੁਝ ਵੀ ਹੋ ਜਾਵੇ ਪ੍ਰਧਾਨ ਮੰਤਰੀ ਮੋਦੀ ਜਾਤੀ ਆਧਾਰਤ ਜਨਗਣਨਾ ਨਹੀਂ ਕਰਵਾ ਸਕਦੇ, ਕਿਉਂਕਿ ਉਹ ਅਡਾਨੀ ਲਈ ਹੀ ਕੰਮ ਕਰਦੇ ਹਨ।

ਉਨ੍ਹਾ ਕਿਹਾ ਕਿ ਇਹ ਜਨਗਣਨਾ ਕਾਂਗਰਸ ਪਾਰਟੀ ਹੀ ਕਰਵਾ ਸਕਦੀ ਹੈ। ਜਿਸ ਦਿਨ ਇਹ ਜਨਗਣਨਾ ਹੋ ਜਾਵੇਗੀ ਅਤੇ ਪੱਛੜੇ ਵਰਗਾਂ, ਆਦਿਵਾਸੀਆਂ ਤੇ ਦਲਿਤਾਂ ਨੂੰ ਗੱਲ ਸਮਝ 'ਚ ਆ ਜਾਵੇਗੀ ਤਾਂ ਉਸ ਦਿਨ ਤੋਂ ਦੇਸ਼ ਬਦਲ ਜਾਵੇਗਾ। ਉਨ੍ਹਾ ਕਿਹਾ ਕਿ ਗਰੀਬ, ਕਿਸਾਨ ਤੇ ਮਜ਼ਦੂਰ ਹੀ 'ਭਾਰਤ ਮਾਤਾ' ਹਨ ਅਤੇ ਭਾਰਤ ਮਾਤਾ ਦੀ ਜੈ ਤਾਂ ਹੀ ਹੋਵੇਗੀ, ਜਦੋਂ ਦੇਸ਼ ਦੇ ਇਨ੍ਹਾਂ ਵਰਗਾਂ ਦੀ ਵਿਕਾਸ 'ਚ ਭਾਗੀਦਾਰੀ ਤੈਅ ਕੀਤੀ ਜਾਵੇਗੀ।

ਮੋਦੀ ਨੂੰ ਅਮੀਰਾਂ ਦੀ ਚਿੰਤਾ, ਗਰੀਬਾਂ ਦੀ ਨਹੀਂ : ਖੜਗੇ

ਜੈਪੁਰ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਤਵਾਰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਵੇਂ ਜਿੰਨੀ ਮਰਜ਼ੀ ਕੋਸ਼ਿਸ਼ ਕਰਨ, ਪਰ ਰਾਜਸਥਾਨ 'ਚ ਇੱਕ ਵਾਰ ਫਿਰ ਕਾਂਗਰਸ ਦੀ ਹੀ ਸਰਕਾਰ ਬਣੇਗੀ।

ਭਰਤਪੁਰ ਜ਼ਿਲ੍ਹੇ ਦੇ ਵੈਰ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਦੋਸ਼ ਲਾਇਆ—ਭਾਜਪਾ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬ ਲੋਕਾਂ ਨੂੰ ਹੋਰ ਗਰੀਬ ਬਣਾਉਣ ਦਾ ਕੰਮ ਕਰਦੀ ਹੈ।

ਅਸੀਂ ਗਰੀਬਾਂ ਲਈ ਕੁਝ ਬੋਲਦੇ ਹਾਂ ਤਾਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਇਹ ਸਾਰੇ ਰਿਉੜੀਆਂ, ਪੈਸੇ ਵੰਡ ਰਹੇ ਹਨ। ਅਸੀਂ ਤਾਂ ਗਰੀਬ ਲੋਕਾਂ ਨੂੰ ਦੇ ਰਹੇ ਹਾਂ। ਮੋਦੀ ਸਰਕਾਰ ਨੇ ਤਾਂ ਅਮੀਰਾਂ ਦਾ 15 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ। ਜਦੋਂ ਅਸੀਂ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ ਕਰੋ ਤਾਂ ਨਹੀਂ ਕੀਤਾ।

ਅੱਜ-ਨਾਮਾ

ਪਾਕਿ ਸਰਕਾਰ ਇਮਰਾਨ ਦੇ ਪਈ ਪਿੱਛੇ,
ਚਾਹੁੰਦੀ ਜੇਲ੍ਹ ਵਿੱਚ ਰੱਖਣਾ ਤਾੜ ਮੀਆਂ।
ਕਿਸੇ ਕੇਸ ਵਿੱਚ ਜਦੋਂ ਵੀ ਮਿਲੇ ਰਾਹਤ,
ਕਰੇ ਪਈ ਦੂਜੇ ਦਾ ਝੱਟ ਜੁਗਾੜ ਮੀਆਂ।
ਏਧਰ-ਓਧਰ ਦਾ ਕੇਸ ਆ ਘੜੀ ਜਾਂਦੀ,
ਮਾਮਲੇ ਕੱਚੇ ਦੀ ਲੈਂਦੀ ਹੈ ਆੜ ਮੀਆਂ।
ਫੌਜੀ ਕੋਰਟ ਤੱਕ ਕੇਸ ਪੁਚਾਊ ਲੱਗਦਾ,
ਦੂਸ਼ਣਾਂ ਵਾਲੀ ਆ ਕਰੀ ਬੁਛਾੜ ਮੀਆਂ।
ਜਿੱਦਾਂ ਦੇ ਹੁੰਦੇ ਪ੍ਰਬੰਧ ਆ ਨਵੇਂ ਲੱਗਦੇ,
ਜ਼ਮਾਨਤ ਯੋਗ ਨਾ ਛੱਡਣਾ ਰਾਹ ਮੀਆਂ।
ਲੱਗਦਾ ਚੋਣ ਤੋਂ ਰੱਖਣਗੇ ਦੂਰ ਉਹਨੂੰ,
ਜਿਵੇਂ ਲੱਗਦੀ, ਲਾਵੇ ਉਹ ਵਾਹ ਮੀਆਂ।

-ਤੀਸ ਮਾਰ ਖਾਂ

ਅਮਰੀਕਾ 'ਚ ਕੋਰੋਨਾ ਦੇ ਮਾਮਲੇ ਵਧ ਰਹੇ

ਨਵੀਂ ਦਿੱਲੀ : ਅਮਰੀਕਾ 'ਚ 11 ਨਵੰਬਰ ਤੱਕ ਇੱਕ ਹਫਤੇ ਦੌਰਾਨ 16239 ਕੋਰੋਨਾ ਪੀੜਤ ਹਸਪਤਾਲਾਂ 'ਚ ਦਾਖਲ ਹੋਏ। ਅਮਰੀਕਾ ਦੇ 14 ਰਾਜਾਂ 'ਚ ਕੋਰੋਨਾ ਦੇ ਮਾਮਲੇ ਵਧ ਰਹੇ ਹਨ। ਚੀਨ ਵਿਚ ਵੀ ਵਧਦੀ ਠੰਢ ਦੇ ਵਿਚਕਾਰ ਕੋਰੋਨਾ ਚੁਣੌਤੀ ਬਣਿਆ ਹੋਇਆ ਹੈ। ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜਲਦੀ ਤੋਂ ਜਲਦੀ ਟੀਕੇ ਲਗਵਾਉਣ। ਅਕਤੂਬਰ ਮਹੀਨੇ 'ਚ ਚੀਨ 'ਚ 24 ਲੋਕਾਂ ਦੀ ਜਾਨ ਚਲੀ ਗਈ ਸੀ। ਰਿਪੋਰਟਾਂ ਅਨੁਸਾਰ ਅਮਰੀਕਾ ਦੇ ਅਪਰ ਮਿਡਵੈਸਟ, ਦੱਖਣੀ ਅਟਲਾਂਟਿਕ 'ਚ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਠੰਢ ਵਧ ਰਹੀ ਹੈ, ਕੋਰੋਨਾ ਦੀ ਲਾਗ ਵੀ ਵਧ ਰਹੀ ਹੈ। ਭਾਰਤ 'ਚ 24 ਘੰਟਿਆਂ 'ਚ ਕੋਰੋਨਾ ਦੇ 16 ਤੋਂ 20 ਮਾਮਲੇ ਸਾਹਮਣੇ ਆ ਰਹੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਮੌਸਮ ਦੇ ਹਿਸਾਬ ਨਾਲ ਖੰਘ ਅਤੇ ਬੁਖਾਰ 'ਚ ਵਾਧਾ ਹੋਇਆ ਹੈ, ਪਰ ਕੋਰੋਨਾ ਦਾ ਕੋਈ ਖਤਰਾ ਨਹੀਂ।

20-NOV-PAGE-1.qxd 11/19/2023 9:35 PM Page 2

ਰਾਜ ਪੱਧਰੀ ਸ਼ੂਟਿੰਗ ਮੁਕਾਬਲਿਆਂ 'ਚ ਪੀ.ਪੀ.ਐੱਸ. ਦੇ ਬੱਚੇ ਅੱਵਲ

ਭੀਖੀ (ਧਰਮਵੀਰ ਸ਼ਰਮਾ)-67ਵੀਆਂ ਪੰਜਾਬ ਸਕੂਲ ਰਾਜ ਪੱਧਰੀ ਖੇਡਾਂ ਲੜਕੇ ਅੰਡਰ-14 ਤੇ ਅੰਡਰ-17 ਵਰਗ ਦੇ ਸ਼ੂਟਿੰਗ ਮੁਕਾਬਲੇ, ਜੋ ਐੱਸ.ਏ.ਐੱਸ. ਨਗਰ ਮੋਹਾਲੀ ਵਿਖੇ ਕਰਵਾਏ ਗਏ, ਜਿਸ ਵਿੱਚ ਪੈਰਾਮਾਊਂਟ ਪਬਲਿਕ ਸਕੂਲ ਚੀਮਾਂ ਦੇ ਲੜਕੇ ਸਾਹਿਬਜੋਤ ਸਿੰਘ ਨੇ ਓਪਨ ਸਾਇਟ ਰਾਇਫਲ ਵਿੱਚ ਅਤੇ ਫਤਿਹਵੀਰ ਸਿੰਘ ਨੇ ਪੀਪ ਸਾਇਟ ਰਾਇਫਲ ਵਿੱਚ ਜ਼ਿਲ੍ਹੇ ਵੱਲੋਂ ਖੇਡਦੇ ਹੋਏ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਸੰਸਥਾ ਦੇ ਐੱਮ. ਡੀ. ਜਸਵੀਰ ਸਿੰਘ ਚੀਮਾ ਅਤੇ ਮੈਡਮ ਕਿਰਨਪਾਲ ਕੌਰ ਵੱਲੋਂ ਵਿਸ਼ੇਸ਼ ਤੌਰ 'ਤੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸੰਜੇ ਕੁਮਾਰ, ਕੋਚ ਗਗਨਦੀਪ ਸਿੰਘ, ਨਵਦੀਪ ਸਿੰਘ ਤੇ ਵੀਰਪਾਲ ਕੌਰ ਹਾਜ਼ਰ ਸਨ।

ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਮੱਦੇਨਜ਼ਰ ਕਰਵਾਏ ਸਲੋਗਨ ਤੇ ਪੋਸਟਰ ਮੁਕਾਬਲੇ

ਬਠਿੰਡਾ (ਰਾਜਦੀਪ ਜੋਸ਼ੀ)-ਸਥਾਨਕ ਐੱਸ.ਐੱਸ.ਡੀ. ਗਰਲਜ਼ ਕਾਲਜ ਦੇ ਪ੍ਰਿੰਸੀਪਲ ਡਾ. ਨੀਰੂ ਗਰਗ ਦੀ ਯੋਗ ਅਗਵਾਈ ਹੇਠ ਪੰਜਾਬੀ ਮਾਹ ਮਨਾਉਂਦੇ ਹੋਏ ਪੋਸਟ ਗ੍ਰੈਜੂਏਸ਼ਨ ਪੰਜਾਬੀ ਵਿਭਾਗ ਦੇ ਮੁਖੀ ਡਾ. ਸਿਮਰਜੀਤ ਕੌਰ ਦੀ ਸਰਪ੍ਰਸਤੀ ਹੇਠ ਸਲੋਗਨ ਤੇ ਪੋਸਟਰ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਲਗਭਗ 25 ਵਿਦਿਆਰਥੀਆਂ ਨੇ ਭਾਗ ਲਿਆ। ਸਲੋਗਨ ਲਿਖਣ ਦੇ ਮੁਕਾਬਲੇ ਵਿੱਚ ਬੀ.ਏ., ਬੀ. ਕਾਮ ਅਤੇ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਕਾਲਜ ਪ੍ਰਿੰਸੀਪਲ ਡਾ. ਨੀਰੂ ਗਰਗ ਵੱਲੋਂ ਜੇਤੂ ਵਿਦਿਆਰਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਤੇ ਵਿਦਿਆਰਣਾਂ ਵੱਲੋਂ ਬਣਾਏ ਗਏ ਪੋਸਟਰਾਂ ਤੇ ਸਲੋਗਨਾਂ ਦੀ ਸ਼ਲਾਘਾ ਵੀ ਕੀਤੀ ਗਈ। ਇਸ ਦੌਰਾਨ ਕਾਲਜ ਪ੍ਰਧਾਨ ਸ੍ਰੀ ਸੰਜੈ ਗੋਇਲ ਤੇ ਕਾਲਜ ਕਮੇਟੀ ਦੇ ਮੈਂਬਰਾਂ ਵੱਲੋਂ ਵਿਦਿਆਰਥੀਆਂ ਦੁਆਰਾ ਬਣਾਏ ਪੋਸਟਰਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਪੰਜਾਬੀ ਵਿਭਾਗ ਦੇ ਮੈਡਮ ਅਮਨਦੀਪ, ਮੈਡਮ ਰਤਿੰਦਰ ਕੌਰ ਤੇ ਮੈਡਮ ਗੁਰਮਿੰਦਰਜੀਤ ਕੌਰ, ਮੈਡਮ ਕਮਲਦੀਪ ਕੌਰ ਤੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸਵਿਤਾ ਭਾਟੀਆ, ਮੈਡਮ ਤ੍ਰਿਪਤਾ ਤੇ ਡਾ. ਅੰਜੂ ਗਰਗ ਅਤੇ ਮੈਡਮ ਰੇਖਾ ਆਦਿ ਹਾਜ਼ਰ ਰਹੇ।

ਜੈਨ ਸਕੂਲ ਦੇ ਵਿਦਿਆਰਥੀਆਂ ਨੂੰ ਦਿਖਾਈ ਦਾਸਤਾਨ-ਏ-ਸਰਹਿੰਦ ਫਿਲਮ

ਜਗਰਾਓਂ (ਅਮਿਤ ਖੰਨਾ)-ਸਵਾਮੀ ਰੂਪ ਚੰਦ ਜੈਨ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਕੂਲ ਮੈਨੇਜਮੈਂਟ ਦੇ ਸਹਿਯੋਗ ਨਾਲ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਦਾਸਤਾਨ-ਏ-ਸਰਹਿੰਦ ਫਿਲਮ ਦਿਖਾਈ ਗਈ। ਇਸ ਫਿਲਮ ਨੂੰ ਦਿਖਾਉਣ ਦਾ ਮੰਤਵ ਨੌਜਵਾਨ ਪੀੜ੍ਹੀ ਨੂੰ ਪੜ੍ਹਾਈ ਦੇ ਨਾਲ ਨਾਲ ਸਿੱਖ ਇਤਿਹਾਸ ਤੂੰ ਜਾਣੂ ਕਰਾਉਣਾ ਤੇ ਆਪਣੇ ਇਤਿਹਾਸ ਨਾਲ ਜੋੜੀ ਰੱਖਣਾ ਹੈ। ਇਹ ਫਿਲਮ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ 'ਤੇ ਆਧਾਰਤ ਹੈ। ਫਤਿਹਗੜ੍ਹ ਸਾਹਿਬ ਵਿਖੇ ਹਰ ਸਾਲ ਲੱਗਣ ਵਾਲੀ ਜੋੜ ਮੇਲੇ ਦੀ ਮਹੱਤਤਾ ਵੀ ਇਸ ਵਿੱਚ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਸਾਰੇ ਬੱਚਿਆਂ ਨੂੰ ਇਸ ਇਤਿਹਾਸ ਬਾਰੇ ਦੱਸਿਆ ਕਿ 1704-1705 ਈ: ਦਾ ਇਹ ਸਮਾਂ ਸਿੱਖ ਇਤਿਹਾਸ ਦਾ ਮਹੱਤਵਪੂਰਨ ਸਮਾਂ ਹੈ, ਜਿਸ ਦੌਰਾਨ ਅਜਿਹੀਆਂ ਘਟਨਾਵਾਂ ਘਟੀਆਂ, ਜਿਸ ਨੇ ਸਾਡੀਆਂ ਇਨਸਾਨੀ ਭਾਵਨਾਵਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਪੂਰੇ ਸੰਸਾਰ ਦੀ ਸਭ ਤੋਂ ਦਰਦਨਾਕ ਘਟਨਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਇਸ ਜਾਣਕਾਰੀ ਨੂੰ ਹੋਰ ਵਿਸਥਾਰ ਨਾਲ ਅੱਖੀਂ ਦਿਖਾਉਣ ਲਈ ਇਹ ਫਿਲਮ ਦਿਖਾਈ ਗਈ ਤਾਂ ਜੋ ਬੱਚੇ ਇਨ੍ਹਾਂ ਕੁਰਬਾਨੀਆਂ ਨੂੰ ਯਾਦ ਰੱਖਣ, ਨਸ਼ਿਆਂ ਤੋਂ ਦੂਰ ਰਹਿਣ ਤੇ ਨੌਜਵਾਨ ਪੀੜ੍ਹੀ ਆਪਣੇ ਇਤਿਹਾਸ ਨਾਲ ਜੁੜੇ ਤੇ ਦੇਸ਼ ਪ੍ਰਤੀ ਕੁਰਬਾਨੀ ਦਾ ਜਜ਼ਬਾ ਪੈਦਾ ਹੋਵੇ ਅਤੇ ਉਹ ਬਿਨਾਂ ਕਿਸੇ ਭੇਦ-ਭਾਵ ਦੇ ਮਨੁੱਖਤਾ ਦੀ ਸੱਚੀ ਸੇਵਾ ਕਰਨ।

ਆਰੀਅਨਜ਼ ਕੈਂਪਸ 'ਚ ਪੰਜਾਬੀ ਭਾਸ਼ਾ 'ਤੇ ਨੁੱਕੜ ਨਾਟਕ ਕਰਵਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਆਰੀਅਨਜ਼ ਗਰੁੱਪ ਆਫ ਕਾਲਜਿਜ਼ ਰਾਜਪੁਰਾ, ਨੇੜੇ ਚੰਡੀਗੜ੍ਹ ਨੇ ਵਿਦਿਆਰਥੀ ਭਲਾਈ ਵਿਭਾਗ ਦੇ ਤਹਿਤ, ਓ ਟੀ ਟੀ ਚੈਨਲ ਚੌਪਾਲ ਦੇ ਸਹਿਯੋਗ ਨਾਲ ਆਰੀਅਨਜ਼ ਕੈਂਪਸ ਵਿੱਚ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨ ਲਈ ਇੱਕ ਨੁੱਕੜ ਨਾਟਕ ਪੇਸ਼ ਕੀਤਾ। ਆਰੀਅਨਜ਼ ਦੇ ਇੰਜੀਨੀਅਰਿੰਗ, ਫਾਰਮੇਸੀ, ਲਾਅ, ਨਰਸਿੰਗ, ਪੈਰਾ-ਮੈਡੀਕਲ, ਫਿਜ਼ੀਓਥੈਰੇਪੀ ਆਦਿ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਦੀ ਜ਼ੋਰਦਾਰ ਪੇਸ਼ਕਾਰੀ ਲਈ ਉਨ੍ਹਾਂ ਦੀ ਦਿਲੋਂ ਸ਼ਲਾਘਾ ਕੀਤੀ ਗਈ। ਇਸ ਐਕਟ ਦਾ ਉਦੇਸ਼ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨਾ ਅਤੇ ਪੰਜਾਬੀ ਸਮਾਜ ਤੇ ਸੱਭਿਆਚਾਰ 'ਚ ਨੁੱਕੜ ਨਾਟਕ ਦੀ ਮਰ ਰਹੀ ਕਲਾ ਨੂੰ ਅੱਗੇ ਵਧਾਉਣਾ ਸੀ। ਸਾਰੀ ਗਤੀਵਿਧੀ ਆਰੀਅਨਜ਼ ਗਰੁੱਪ ਆਫ ਕਾਲਜਿਜ਼ ਦੇ ਡਾਇਰੈਕਟਰ ਡਾ. ਜੇ. ਕੇ. ਸੈਣੀ ਦੀ ਨਿਗਰਾਨੀ ਹੇਠ ਹੋਈ। ਉਨ੍ਹਾ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਅਜਿਹੇ ਐਕਟ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਜੋ ਕਿ ਸਮੇਂ ਦੀ ਲੋੜ ਵੀ ਹੈ।

ਸਿਦਕ ਕੌਰ ਗੁਰਬਾਣੀ ਕਵਿਤਾ ਮੁਕਾਬਲੇ 'ਚੋਂ ਤੀਜੇ ਸਥਾਨ 'ਤੇ ਰਹੀ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਨੇ 'ਸਤਿਨਾਮ ਟਰੱਸਟ' ਵੱਲੋਂ ਪਿੰਡ ਕਾਉਂਕੇ ਕਲਾਂ ਵਿਖੇ ਕਰਵਾਏ ਗਏ 'ਗੁਰਬਾਣੀ ਕਵਿਤਾ' ਮੁਕਾਬਲਿਆਂ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ, ਜਿਸ ਵਿੱਚ ਵੱਖ-ਵੱਖ 35 ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ 35 ਸਕੂਲਾਂ ਵਿੱਚੋਂ ਯੂ ਕੇ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਸਿਦਕ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੋਮਲ ਅਗਰਵਾਲ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਬਲਕਾਰ ਸਿੰਘ, ਬਲਿਹਾਰ ਸਿੰਘ, ਕੁਲਵੰਤ ਸਿੰਘ ਚੀਮਾ ਨੇ ਹੋਣਹਾਰ ਵਿਦਿਆਰਥਣ ਨੂੰ ਇਸ ਸਥਾਨ ਲਈ ਮੁਬਾਰਕਾਂ ਦਿੱਤੀਆਂ ਤੇ ਬਾਕੀ ਬੱਚਿਆਂ ਨੂੰ ਵੀ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ।

ਸ਼ਹੀਦ ਰਹਿਮਤ ਅਲੀ ਵਜੀਦਕੇ ਨੂੰ ਸਮਰਪਤ ਮੈਗਜ਼ੀਨ 'ਰਹਿਮਤ ਰਿਸ਼ਮਾਂ' ਜਾਰੀ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ ਵਿਖੇ ਸਕੂਲ ਮੈਗਜ਼ੀਨ 'ਰਹਿਮਤ ਰਿਸ਼ਮਾ' ਦਾ ਦੂਸਰਾ ਅੰਕ ਵਿਦਿਆਰਥੀਆਂ ਸਪੁਰਦ ਕੀਤਾ ਗਿਆ। ਮੁੱਖ ਅਧਿਆਪਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਹ ਮੈਗਜ਼ੀਨ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਨੂੰ ਸਮਰਪਤ ਹੈ। ਸੰਪਾਦਕ ਕੁਲਦੀਪ ਕੌਰ ਪੰਜਾਬੀ ਮਿਸਟ੍ਰੈੱਸ ਦੀ ਅਗਵਾਈ ਹੇਠ ਛਪੇ ਇਸ ਅੰਕ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕਾਂ ਦੀਆਂ ਲਿਖਤਾਂ ਬਹੁਤ ਹੀ ਰੋਚਕ ਤੇ ਗਿਆਨ ਭਰਭੂਰ ਹਨ। ਇਸ ਮੈਗਜ਼ੀਨ ਵਿੱਚ ਵਿਦਿਆਰਥੀਆਂ ਦੀਆਂ ਤਿੰਨਾਂ ਹੀ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਰਚਨਾਵਾਂ ਪ੍ਰਕਾਸ਼ਤ ਹਨ। ਇਸ ਸਮੇਂ ਚੇਅਰਮੈਨ ਕਿਰਨਦੀਪ ਕੌਰ, ਦਾਰਾ ਸਿੰਘ ਫੌਜੀ, ਜਸਵੀਰ ਸਿੰਘ, ਪੂਜਾ ਦੇਵੀ, ਜਸਵੀਰ ਕੌਰ, ਕਰਮਜੀਤ ਕੌਰ, ਕੁਲਦੀਪ ਸਿੰਘ, ਵਿਜੈ ਕੁਮਾਰ, ਦਲਜੀਤ ਕੌਰ, ਰੂਪ ਕਮਲ, ਅਮਨਦੀਪ ਕੌਰ, ਸੁਰਜੀਤ ਕੌਰ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

.ਗਦਰੀ ਬਾਬਿਆਂ ਦੇ ਮੇਲੇ ਦੀ ਸਫਲਤਾ 'ਤੇ ਤਸੱਲੀ ਦਾ ਪ੍ਰਗਟਾਵਾ

ਜਲੰਧਰ (ਕੇਸਰ)

.ਗਦਰੀ ਬਾਬਿਆਂ ਦੇ 32ਵੇਂ ਮੇਲੇ ਉਪਰ ਉਸਾਰੂ, ਆਲੋਚਨਾਤਮਕ ਦ੍ਰਿਸ਼ਟੀ ਤੋਂ ਪਿਛਲਝਾਤ ਮਾਰਨ ਅਤੇ ਅਗਲੇ ਮੇਲੇ ਨੂੰ ਹਰ ਪੱਖੋਂ ਹੋਰ ਵੀ ਬੁਲੰਦੀਆਂ 'ਤੇ ਪਹੁੰਚਾਉਣ ਲਈ ਰਾਵਾਂ ਤੇ ਸੁਝਾਅ ਜਾਨਣ ਲਈ ਐਤਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਨਾਲ ਜੁੜੇ ਪਰਵਾਰ ਅਤੇ ਮੇਲੇ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਕਾਮਿਆਂ ਦੀ ਮੀਟਿੰਗ ਸ਼ਾਨਦਾਰ ਨਤੀਜੇ ਹਾਸਲ ਕਰਨ 'ਚ ਸਫ਼ਲ ਰਹੀ।

ਮੀਟਿੰਗ ਦਾ ਆਗਾਜ਼ ਸ਼ਹੀਦ ਕਰਤਾਰ ਸਿੰਘ ਸਰਾਭਾ, ਉਸ ਦੇ ਨਾਲ ਫਾਂਸੀ ਦਾ ਰੱਸਾ ਚੁੰਮਣ ਵਾਲੇ ਛੇ ਸਾਥੀਆਂ ਅਤੇ ਨਵੰਬਰ ਮਹੀਨੇ ਦੇ ਸਮੂਹ ਸੰਗਰਾਮੀਆਂ ਨੂੰ ਖੜ੍ਹੇ ਹੋ ਕੇ ਸਿਜਦਾ ਕਰਨ ਅਤੇ ਉਹਨਾਂ ਦੇ ਅਧੂਰੇ ਕਾਰਜ ਨੇਪਰੇ ਚਾੜ੍ਹਨ ਦਾ ਹਲਫ਼ ਲੈਣ ਨਾਲ ਹੋਇਆ। ਇਹਨਾਂ ਨਾਇਕਾਂ ਸੰਬੰਧੀ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਜੀਵਨ ਰੇਖਾ ਚਿੱਤਰ ਸਾਂਝਾ ਕੀਤਾ।

ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੇਲੇ ਵੱਲੋਂ ਗ਼ਦਰੀ ਬਾਬਿਆਂ ਦੀ ਵਿਰਾਸਤ ਤੇ ਅਜੋਕੀਆਂ ਚੁਣੌਤੀਆਂ ਦੇ ਕੇਂਦਰੀ ਨੁਕਤਾ-ਏ-ਨਜ਼ਰ ਤੋਂ ਉਲੀਕੀ, ਨੇਪਰੇ ਚੜ੍ਹੀ ਰੂਪ-ਰੇਖਾ ਅਤੇ ਵਿਉਂਤਬੰਦੀ ਲਈ ਹਰ ਪੱਖੋਂ ਦੇਸ਼-ਬਦੇਸ਼ ਦੀਆਂ ਸੰਸਥਾਵਾਂ ਅਤੇ ਲੋਕਾਂ ਦੁਆਰਾ ਮਿਲੇ ਭਰਵੇਂ ਸਹਿਯੋਗ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਮੀਟਿੰਗ 'ਚ ਹਾਜ਼ਰ ਸੱਭਿਆਚਾਰਕ ਕਾਮਿਆਂ 'ਚੋਂ ਇੰਦਰਜੀਤ ਸਿੰਘ ਆਰਟਿਸਟ, ਵਰੁਣ ਟੰਡਨ, ਨਰਿੰਦਰਪਾਲ, ਸੁਖਦੀਪ, ਪਰਮਜੀਤ ਕਡਿਆਣਾ, ਰਾਜਿੰਦਰ ਬੈਂਸ ਯੂ ਕੇ, ਜੋਗਿੰਦਰ ਕੌਰ ਯੂ ਕੇ, ਲਵਪ੍ਰੀਤ ਸਿੰਘ ਮਾੜੀਮੇਘਾ, ਗੁਰਬਿੰਦਰ ਮਲੋਟ ਨੇ ਮੇਲੇ ਦੇ ਪ੍ਰਭਾਵਸ਼ਾਲੀ ਸੁਨੇਹੇ, ਨੌਜਵਾਨ ਪੀੜ੍ਹੀ ਦੀ ਜੋਸ਼-ਖਰੋਸ਼ ਭਰੀ ਹਾਜ਼ਰੀ ਅਤੇ ਜ਼ਿੰਮੇਵਾਰੀਆਂ ਅਦਾ ਕਰਨ, ਕਲਾ ਵੰਨਗੀਆਂ ਦੀਆਂ ਪੇਸ਼ਕਾਰੀਆਂ, ਸਾਹਿਤ, ਰੰਗਮੰਚ, ਪੁਸਤਕ ਸੱਭਿਆਚਾਰ, ਲੰਗਰ ਅਤੇ ਵਿਚਾਰ-ਚਰਚਾਵਾਂ ਆਦਿ ਬਾਰੇ ਬੋਲਦਿਆਂ ਅਗਲੇ ਵਰ੍ਹੇ 33ਵੇਂ ਮੇਲੇ 'ਚ ਹੋਰ ਨਿਖ਼ਾਰ ਲਿਆਉਣ ਲਈ ਅਮੁੱਲੇ ਸੁਝਾਅ ਦਿੱਤੇ। ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸਭਨਾਂ ਪ੍ਰਬੰਧਕੀ ਕਮੇਟੀਆਂ ਵੱਲੋਂ ਤਨਦੇਹੀ ਨਾਲ ਜ਼ਿੰਮੇਵਾਰੀਆਂ ਨਿਭਾਉਣ ਅਤੇ ਭਵਿੱਖ ਵਿੱਚ ਹੋਰ ਬੁਲੰਦੀਆਂ 'ਤੇ ਮੇਲਾ ਪਹੁੰਚਾਉਣ ਲਈ ਪੇਸ਼ ਸੁਝਾਵਾਂ ਬਾਰੇ ਕਮੇਟੀ ਤਰਫ਼ੋਂ ਭਰੋਸਾ ਦੁਆਇਆ ਕਿ ਇਹਨਾਂ ਉਪਰ ਗੰਭੀਰਤਾ ਨਾਲ ਗੌਰ ਕੀਤਾ ਜਾਏਗਾ।

ਮਿਊਜ਼ੀਅਮ ਅੰਦਰ ਬਣੇ ਥੀਏਟਰ ਵਿੱਚ ਸੁਖਦੀਪ ਵੱਲੋਂ ਨਿਭਾਈਆਂ ਸੇਵਾਵਾਂ ਲਈ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇੰਗਲੈਂਡ ਤੋਂ ਆਏ ਰਾਜਿੰਦਰ ਬੈਂਸ ਅਤੇ ਜੋਗਿੰਦਰ ਕੌਰ ਦਾ ਵੀ ਸਨਮਾਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਧੰਨਵਾਦ ਦੇ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਮੇਲੇ ਦੀਆਂ ਪ੍ਰਾਪਤੀਆਂ ਨੂੰ ਪੱਕੇ ਪੈਰੀਂ ਕਰਨਾ ਅਤੇ ਸੀਮਾਵਾਂ, ਊਣਤਾਈਆਂ ਦੀ ਪੂਰਤੀ ਕਰਨਾ ਮੇਲੇ ਨੂੰ ਭਵਿੱਖ 'ਚ ਨਵੀਂ ਊਰਜਾ ਦੇਵੇਗਾ।

ਬੀ ਕੇ ਯੂ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੀ ਮੀਟਿੰਗ

ਮੂਨਕ (ਰਾਜਪਾਲ ਸਿੰਗਲਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾਗਾਗਾ ਦੀ ਮੀਟਿੰਗ ਬਲਾਕ ਪ੍ਰਧਾਨ ਧਰਮਿੰਦਰ ਸਿੰਘ ਪਿਸ਼ੌਰ ਦੀ ਅਗਵਾਈ ਅਧੀਨ ਲਹਿਰਾਗਾਗਾ ਵਿਖੇ ਜਥੇਬੰਦੀ ਦੇ ਆਪਣੇ ਦਫਤਰ ਵਿਖੇ ਕੀਤੀ ਗਈ। ਬਹਾਦਰ ਸਿੰਘ ਭੁਟਾਲ ਖੁਰਦ ਨੇ ਪ੍ਰੈੱਸ ਨਾਲ ਗੱਲ ਕਰਦਿਆਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਦੀ ਤਰਫੋਂ ਅੱਜ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਦੇਸ਼ ਵਿਆਪੀ ਅੰਦੋਲਨ ਵਜੋਂ 26-27-28 ਨਵੰਬਰ ਨੂੰ ਚੰਡੀਗੜ੍ਹ ਵਿਖੇ ਦਿਨ ਰਾਤ ਦੇ ਮੋਰਚੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਬਲਾਕ ਕਮੇਟੀ ਦੀ ਮੀਟਿੰਗ ਵਿੱਚ ਠੋਸ ਵਿਓਂਤਬੰਦੀ ਉਲੀਕੀ ਗਈ ਤੇ ਕੀਤੇ ਗਏ ਫੈਸਲਿਆ ਅਨੁਸਾਰ ਪਿੰਡ-ਪਿੰਡ ਮੀਟਿੰਗਾਂ, ਰੈਲੀਆਂ, ਝੰਡਾ ਮੋਰਚਾ, ਨਾਟਕ ਤੇ ਕਾਫਲਾ ਮਾਰਚ ਦਾ ਤਾਂਤਾ ਬੰਨ੍ਹ ਕੇ 200 ਪਿੰਡ ਅੰਦਰ ਲਾਮਬੰਦੀਆਂ ਕੀਤੀਆਂ ਜਾਣਗੀਆਂ। ਟਰੈਕਟਰ, ਟਰਾਲੀਆਂ, ਬਿਸਤਰੇ, ਗੱਦਿਆ, ਟੈਂਟਾ, ਤਰਪਾਲਾ, ਬਿਜਲੀ, ਜਰਨੈਟਰਾਂ, ਪਾਣੀ ਵਾਲੀਆਂ ਟੈਂਕੀਆਂ, ਪੂਰਾ ਰਾਸ਼ਨ ਤੇ ਗੈਸ ਚੁੱਲ੍ਹੇ ਆਦਿ ਦੇ ਪ੍ਰਬੰਧ ਮੁਕੰਮਲ ਕੀਤੇ ਜਾਣਗੇ। ਸੈਂਕੜਿਆਂ ਦੀ ਤਦਾਦ ਵਿੱਚ ਔਰਤਾਂ ਤੇ ਨੌਜਵਾਨਾਂ ਸਮੇਤ ਹਜ਼ਾਰ ਕਿਸਾਨ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਕਰਨ ਦਾ ਟ

20-Nov-PAGE-3.qxd 11/19/2023 9:46 PM Page 1

ਪੰਜਾਬ ਦੇ ਖਿਡਾਰੀਆਂ ਨੇ ਵਧਾਇਆ ਦੇਸ਼ ਦਾ ਮਾਣ

ਪੰਜਾਬੀ ਖਿਡਾਰੀਆਂ ਨੇ ਤੋੜਿਆ 72 ਸਾਲਾਂ ਦਾ ਰਿਕਾਰਡ

ਲੜੀ ਨੰ.	ਏਸ਼ੀਆਈ ਖੇਡਾਂ	ਸੋਨ ਤਮਗਾ	ਚਾਂਦੀ ਤਮਗਾ	ਕਾਂਸੀ ਤਮਗਾ	ਕੁੱਲ ਤਮਗੇ
1	1951 ਨਵੀਂ ਦਿੱਲੀ (ਭਾਰਤ)	7	3	5	15
2	1954 ਮਨੀਲਾ (ਫਿਲੀਪੀਨਜ਼)	4	2	1	7
3	1958 ਟੋਕੀਓ (ਜਪਾਨ)	5	1	1	7
4	1962 ਜਕਾਰਤਾ (ਇੰਡੋਨੇਸ਼ੀਆ)	7	5	1	13
5	1966 ਬੈਂਕਾਕ (ਥਾਈਲੈਂਡ)	4	1	4	9
6	1970 ਬੈਂਕਾਕ (ਥਾਈਲੈਂਡ)	4	2	-	6
7	1974 ਤਹਿਰਾਨ (ਇਰਾਨ)	-	6	5	11
8	1978 ਬੈਂਕਾਕ (ਥਾਈਲੈਂਡ)	5	1	-	6
9	1982 ਨਵੀਂ ਦਿੱਲੀ (ਭਾਰਤ)	3	4	5	12
10	1986 ਸਿਓਲ (ਦੱਖਣੀ ਕੋਰੀਆ)	1	3	8	12
11	1990 ਬੀਜਿੰਗ (ਚੀਨ)	1	1	-	2
12	1994 ਹੀਰੋਸ਼ੀਮਾ (ਜਪਾਨ)	1	1	2	4
13	1998 ਬੈਂਕਾਕ (ਥਾਈਲੈਂਡ)	1	3	5	9
14	2002 ਬੁਸਾਨ (ਦੱਖਣੀ ਕੋਰੀਆ)	4	3	2	9
15	2006 ਦੋਹਾ (ਕਤਰ)	2	6	2	10
16	2010 ਗੁਆਂਗਜ਼ੂ (ਚੀਨ)	2	2	3	7
17	2014 ਇੰਚੇਓਨ (ਦੱਖਣੀ ਕੋਰੀਆ)	3	1	4	8
18	2018 ਜਕਾਰਤਾ (ਇੰਡੋਨੇਸ਼ੀਆ)	3	2	3	8
19	**2023 ਹਾਂਗਜ਼ੂ (ਚੀਨ)**	**8**	**6**	**6**	**20**

19 2023 ਹਾਂਗਜ਼ੂ (ਚੀਨ) 8 6 6 20

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਏਸ਼ੀਆਈ ਖੇਡਾਂ -2023 : ਪੰਜਾਬ ਦੇ ਤਮਗ਼ਾ ਜੇਤੂ ਖਿਡਾਰੀ

ਸੋਨ ਤਮਗ਼ਾ

ਖੇਡ / ਈਵੇਂਟ	ਖਿਡਾਰੀ ਦਾ ਨਾਂ
ਰਾਈਫਲ ਸ਼ੂਟਿੰਗ ਵਿਅਕਤੀਗਤ	ਸਿਫ਼ਤ ਸਮਰਾ
ਸ਼ੂਟਿੰਗ ਟੀਮ	ਅਰਜੁਨ ਸਿੰਘ ਚੀਮਾ
ਸ਼ੂਟਿੰਗ ਟੀਮ	ਸ਼ੋਰਾਵਰ ਸਿੰਘ ਸੰਧੂ
ਸ਼ਾਟਪੁੱਟ (ਐਥਲੈਟਿਕਸ)	ਤੇਜਿੰਦਰ ਪਾਲ ਸਿੰਘ ਤੂਰ
ਤੀਰਅੰਦਾਜ਼ੀ ਟੀਮ	ਪਰਨੀਤ ਕੌਰ
ਪੁਰਸ਼ ਕ੍ਰਿਕਟ	ਅਰਸ਼ਦੀਪ ਸਿੰਘ, ਪ੍ਰਭਸਿਮਰਨ ਸਿੰਘ
ਮਹਿਲਾ ਕ੍ਰਿਕਟ	ਹਰਮਨਪ੍ਰੀਤ ਕੌਰ (ਕਪਤਾਨ), ਕਨਿਕਾ ਆਹੂਜਾ, ਅਮਨਜੋਤ ਕੌਰ
ਪੁਰਸ਼ ਹਾਕੀ	ਹਰਮਨਪ੍ਰੀਤ ਸਿੰਘ (ਕਪਤਾਨ), ਹਾਰਦਿਕ ਸਿੰਘ (ਉਪ ਕਪਤਾਨ), ਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਕ੍ਰਿਸ਼ਨ ਬਹਾਦਰ ਪਾਠਕ, ਜਰਮਨਪ੍ਰੀਤ ਸਿੰਘ ਬੱਲ, ਸੁਖਜੀਤ ਸਿੰਘ

ਚਾਂਦੀ ਤਮਗ਼ਾ

ਖੇਡ / ਈਵੇਂਟ	ਖਿਡਾਰੀ ਦਾ ਨਾਂ
ਰਾਈਫਲ ਸ਼ੂਟਿੰਗ ਟੀਮ	ਸਿਫ਼ਤ ਸਮਰਾ
800 ਮੀਟਰ (ਐਥਲੈਟਿਕਸ)	ਹਰਮਿਲਨ ਬੈਂਸ
1500 ਮੀਟਰ (ਐਥਲੈਟਿਕਸ)	ਹਰਮਿਲਨ ਬੈਂਸ
ਬੈਡਮਿੰਟਨ ਟੀਮ	ਧਰੁਵ ਕਪਿਲਾ
ਟਰੈਪ ਸ਼ੂਟਿੰਗ ਟੀਮ	ਰਾਜੇਸ਼ਵਰੀ ਕੁਮਾਰੀ
ਰੋਇੰਗ ਟੀਮ	ਜਸਵਿੰਦਰ ਸਿੰਘ, ਚਰਨਜੀਤ ਸਿੰਘ

ਕਾਂਸੀ ਤਮਗ਼ਾ

ਖੇਡ / ਈਵੇਂਟ	ਖਿਡਾਰੀ ਦਾ ਨਾਂ
ਸ਼ੂਟਿੰਗ ਪਿਸਟਲ ਟੀਮ	ਵਿਜੈਵੀਰ ਸਿੱਧੂ
ਰੋਇੰਗ ਟੀਮ	ਸਤਨਾਮ ਸਿੰਘ, ਸੁਖਮੀਤ ਸਿੰਘ
ਰੋਇੰਗ ਟੀਮ	ਜਸਵਿੰਦਰ ਸਿੰਘ
ਪੈਦਲ ਦੌੜ ਟੀਮ (ਅਥਲੈਟਿਕਸ)	ਮੰਜੂ ਰਾਣੀ
ਤੀਰਅੰਦਾਜ਼ੀ ਟੀਮ	ਸਿਮਰਨਜੀਤ ਕੌਰ
ਸ਼ੂਟਿੰਗ ਸਕੀਟ ਟੀਮ	ਗੁਰਜੋਤ ਸਿੰਘ ਖੰਗੂੜਾ, ਅੰਗਦ ਵੀਰ ਸਿੰਘ ਬਾਜਵਾ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

20-Nov-PAGE-4.qxd 11/19/2023 10:16 PM Page 1

ਨਵਾਂ ਜ਼ਮਾਨਾ
ਸੋਮਵਾਰ, 20 ਨਵੰਬਰ 2023

ਅਮਰੀਕਾ-ਚੀਨ ਸਿਖਰ ਵਾਰਤਾ ਦਾ ਸੁਨੇਹਾ

ਪਿਛਲੇ ਹ.ਫ਼ਤੇ ਅਮੀਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਚੀਨੀ ਰਾਸ਼ਟਰਪਤੀ ਸ਼ੀ ਜਿੰਨਪਿੰਗ ਵਿਚਕਾਰ ਸਾਂਫਰਾਂਸਿਸਕੋ ਵਿੱਚ ਹੋਈ ਸਿਖਰ ਵਾਰਤਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹੁਣ ਦੁਨੀਆ ਬਹੁਧਰੁਵੀ ਹੋ ਚੁੱਕੀ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਜਿਹੜਾ ਅਮਰੀਕਾ ਆਪੇ ਸਾਰੀ ਦੁਨੀਆ ਦਾ ਚੌਧਰੀ ਬਣਿਆ ਬੈਠਾ ਸੀ, ਆਖਰ ਉਸ ਨੇ ਇਸ ਹਕੀਕਤ ਨੂੰ ਪ੍ਰਵਾਨ ਕਰ ਲਿਆ ਹੈ।

ਚੀਨ ਦੀ ਬੈਲਟ ਐਂਡ ਰੋਡ ਪਹਿਲ ਦੀ ਸ.ਫ਼ਲਤਾ, ਇੱਕ ਸੌ ਤੀਹ ਦੇਸ਼ਾਂ ਨਾਲ ਗਹਿਰੇ ਵਪਾਰਕ ਰਿਸ਼ਤੇ ਤੇ ਇਨ੍ਹਾਂ ਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਦੀ ਉਸਾਰੀ ਵਿੱਚ ਚੀਨ ਦੀ ਅਹਿਮ ਭੂਮਿਕਾ ਨੇ ਇੱਕ ਨਵੇਂ ਵਿਸ਼ਵੀਕਰਨ ਵੱਲ ਲੰਮੇ ਕਦਮ ਪੁੱਟ ਲਏ ਹਨ। ਚੀਨ ਦੀ ਵਿਚੋਲਗਿਰੀ ਨਾਲ ਸਾਊਦੀ ਅਰਬ ਤੇ ਈਰਾਨ ਵਿਚਾਲੇ ਦਹਾਕਿਆਂ ਪੁਰਾਣੇ ਵੈਰ ਦੇ ਦੋਸਤੀ ਵਿੱਚ ਬਦਲਣ ਨੇ ਅਰਬ ਦੇਸ਼ਾਂ ਲਈ ਵੀ ਅਮਨ ਦੇ ਨਵੇਂ ਰਾਹ ਖੋਲ੍ਹ ਦਿੱਤੇ ਹਨ।

ਸ਼ੁਰੂ ਵਿੱਚ ਤਾਂ ਪੱਛਮੀ ਕਾਰਪੋਰੇਟ ਮੀਡੀਏ ਨੇ ਚੀਨ ਵਿਰੁੱਧ ਜ਼ਹਿਰੀਲੀ ਮੁਹਿੰਮ ਛੇੜੀ ਰੱਖੀ ਸੀ। ਚੀਨ ਅੰਦਰ ਮਨੁੱਖੀ ਅਧਿਕਾਰਾਂ ਦੇ ਘਾਣ ਦੀਆਂ ਕਹਾਣੀਆਂ ਘੜੀਆਂ ਗਈਆਂ ਤੇ ਕੋਰੋਨਾ ਮਹਾਂਮਾਰੀ ਫੈਲਣ ਦਾ ਦੋਸ਼ ਉਸ ਦੇ ਸਿਰ ਮੜ੍ਹਿਆ ਗਿਆ, ਪਰ ਚੀਨ ਅਮਨਪੂਰਵਕ ਆਪਣੇ ਰਾਹ 'ਤੇ ਚਲਦਾ ਰਿਹਾ ਸੀ।

ਕਿਸੇ ਸਮੇਂ ਸੰਯੁਕਤ ਰਾਸ਼ਟਰ ਸਮੇਤ ਸਭ ਕੌਮਾਂਤਰੀ ਸੰਸਥਾਵਾਂ ਨੂੰ ਅਮਰੀਕਾ ਆਪਣੀ ਜੇਬ ਵਿੱਚ ਸਮਝਦਾ ਰਿਹਾ ਸੀ, ਪਰ ਹੁਣ ਸਮਾਂ ਬਦਲ ਚੁੱਕਾ ਹੈ। ਇਹ ਸੰਸਾਰ ਸਿਹਤ ਸੰਸਥਾ ਹੀ ਸੀ, ਜਿਸ ਨੇ ਕੋਰੋਨਾ ਦੇ ਫੈਲਣ ਲਈ ਚੀਨ 'ਤੇ ਲਾਏ ਜਾ ਰਹੇ ਦੋਸ਼ਾਂ ਦਾ ਖੰਡਨ ਕੀਤਾ ਸੀ। ਇਜ਼ਰਾਈਲ ਤੇ ਹਮਾਸ ਵਿਚਾਲੇ ਛਿੜੇ ਯੁੱਧ ਦੌਰਾਨ ਵੀ ਜੰਗਬੰਦੀ ਦੇ ਸਵਾਲ 'ਤੇ ਅਮਰੀਕਾ ਤੇ ਉਸ ਦੇ ਹਮਵਾਰੀ ਦੇਸ਼ ਕੌਮਾਂਤਰੀ ਭਾਈਚਾਰੇ ਵਿੱਚ ਪੂਰੀ ਤਰ੍ਹਾਂ ਨਿਖੜ ਚੁੱਕੇ ਹਨ।

ਰੂਸ ਵਿਰੁੱਧ ਛੇੜੇ ਯੁੱਧ ਵਿੱਚ ਨਾਟੋ ਦਾ ਮੋਹਰਾ ਯੂਕਰੇਨ ਬੁਰੀ ਤਰ੍ਹਾਂ ਪਿਟ ਚੁੱਕਾ ਹੈ। ਇਹ ਖ਼ਬਰ ਜਦੋਂ ਸਾਰੀ ਦੁਨੀਆ ਸਾਹਮਣੇ ਆ ਜਾਵੇਗੀ ਤਾਂ ਅਮਰੀਕਾ ਤੇ ਨਾਟੋ ਦੇ ਬਾਕੀ ਦੇਸ਼ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ। ਇਸ ਦੌਰਾਨ ਅਮਰੀਕੀ ਅਰਥਵਿਵਸਥਾ ਦਾ ਸੰਕਟ ਦਿਨੋ-ਦਿਨ ਡੂੰਘਾ ਹੋ ਰਿਹਾ ਹੈ। ਇਜ਼ਰਾਈਲ ਤੇ ਹਮਾਸ ਵਿਚਕਾਰ ਛਿੜੇ ਯੁੱਧ ਵਿੱਚ ਅਮਰੀਕਾ ਬੁਰੀ ਤਰ੍ਹਾਂ ਫਸ ਚੁੱਕਾ ਹੈ। ਇਜ਼ਰਾਈਲ ਦੀ ਅੰਨ੍ਹੀ ਹਮੈਤ ਕਾਰਨ ਦੁਨੀਆ ਭਰ ਵਿੱਚ ਅਮਰੀਕਾ ਦੀ ਤੋਏ-ਤੋਏ ਹੋ ਰਹੀ ਹੈ, ਇਸ ਹਾਲਤ ਵਿੱਚੋਂ ਨਿਕਲਣ ਲਈ ਅਮਰੀਕਾ ਤਰਲੋਮੱਛੀ ਹੋ ਰਿਹਾ ਹੈ।

ਦੂਜੇ ਪਾਸੇ ਕੌਮਾਂਤਰੀ ਪੱਧਰ 'ਤੇ ਚੀਨ ਦੀ ਸਥਿਤੀ ਲਗਾਤਾਰ ਮਜ਼ਬੂਤ ਹੋ ਰਹੀ ਹੈ। ਉਸ ਨੇ ਆਪਣੀ ਪੂਰੀ ਤਾਕਤ ਆਪਣੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲਾ ਰੱਖੀ ਹੈ। ਇਸ ਦੇ ਸਿੱਟੇ ਵਜੋਂ ਉਹ ਇੱਕ ਮਹਾਂਸ਼ਕਤੀ ਬਣ ਕੇ ਉੱਭਰ ਚੁੱਕਾ ਹੈ। ਅਮਰੀਕਾ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੇ ਚੀਨ ਨਾਲ ਸੰਬੰਧ ਸੁਖਾਵੇਂ ਹੋ ਸਕਣ, ਪਰ ਇਸ ਵਿਚਕਾਰ ਸਭ ਤੋਂ ਵੱਡਾ ਮਸਲਾ ਤਾਇਵਾਨ ਦਾ ਸੀ। ਚੀਨ ਤਾਇਵਾਨ ਨੂੰ ਆਪਣਾ ਹਿੱਸਾ ਮੰਨਦਾ ਹੈ। ਇਸ ਲਈ ਚੀਨ ਦੀ ਦੋ-ਟੂੱਕ ਸਮਝ ਸੀ ਕਿ ਪਹਿਲਾਂ ਅਮਰੀਕਾ ਇਸ ਬਾਰੇ ਆਪਣਾ ਰੁਖ ਸਪੱਸ਼ਟ ਕਰੇ। ਪਹਿਲਾਂ ਅਮਰੀਕਾ ਦੀ ਸਮਝ ਸੀ ਕਿ ਜੀ-20 ਦੇ ਦਿੱਲੀ ਸੰਮੇਲਨ ਦੌਰਾਨ ਉਹ ਸ਼ੀ ਜਿਨਪਿੰਗ ਨਾਲ ਗੱਲਬਾਤ ਕਰ ਲੈਣਗੇ, ਪਰ ਜਿਨਪਿੰਗ ਨੇ ਆਉਣ ਤੋਂ ਨਾਂਹ ਕਰ ਦਿੱਤੀ, ਜਿਸ ਬਾਇਡਨ ਨੇ ਨਿਰਾਸ਼ਾ ਪ੍ਰਗਟ ਕੀਤੀ। ਇਸ ਤੋਂ ਬਾਅਦ ਅਮਰੀਕਾ ਨੇ ਕੂਟਨੀਤਕ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਸ ਕੜੀ ਵਿੱਚ 26 ਤੋਂ 28 ਅਕਤੂਬਰ ਤੱਕ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਅਮਰੀਕਾ ਦੀ ਯਾਤਰਾ ਕੀਤੀ ਸੀ। ਉਥੋਂ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਭਰੋਸੇ ਤੋਂ ਬਾਅਦ ਹੀ ਜਿਨਪਿੰਗ ਦੀ ਯਾਤਰਾ ਦਾ ਐਲਾਨ ਕੀਤਾ ਗਿਆ।

ਜਿਨਪਿੰਗ ਨੇ ਬਾਇਡਨ ਨਾਲ ਗੱਲਬਾਤ ਸਮੇਂ ਸਪੱਸ਼ਟ ਕਰ ਦਿੱਤਾ ਕਿ ਤਾਇਵਾਨ ਦਾ ਚੀਨ ਨਾਲ ਰਲੇਵਾਂ ਹਰ ਹਾਲਤ 'ਚ ਹੋਵੇਗਾ। ਇਸ ਦੇ ਜਵਾਬ ਵਿੱਚ ਬਾਇਡਨ ਨੇ ਚੁੱਪ ਵੱਟੀ ਰੱਖੀ। ਇਸ ਤੋਂ ਪਹਿਲਾਂ ਅਮਰੀਕਾ ਤਾਇਵਾਨ ਦੀ ਅਜ਼ਾਦੀ ਦਾ ਹੋਕਾ ਦਿੰਦਾ ਰਹਿੰਦਾ ਸੀ। ਦੋਹਾਂ ਰਾਸ਼ਟਰਪਤੀਆਂ ਵਿੱਚ ਇਹ ਆਮ ਸਹਿਮਤੀ ਬਣੀ ਕਿ ਦੋਵੇਂ ਦੇਸ਼ ਬਰਾਬਰੀ ਦੀ ਭਾਵਨਾ ਨਾਲ ਅਮਨਪੂਰਵਕ ਪੇਸ਼ ਆਉਣਗੇ। ਦੋਵੇਂ ਇੱਕ ਦੂਜੇ ਨਾਲ ਰਹਿਣ ਲਈ ਨਵੇਂ ਰਾਹ ਲੱਭਣਗੇ। ਦੋਵੇਂ ਗੱਲਬਾਤ ਜਾਰੀ ਰੱਖਣਗੇ। ਦੋਵੇਂ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੀ ਰੱਖਿਆ ਕਰਨਗੇ ਤੇ ਟਕਰਾਅ ਤੋਂ ਬਚਣਗੇ।

ਅਮਰੀਕਾ ਤੇ ਚੀਨ ਵਿਚਕਾਰ ਟਕਰਾਅ ਟਾਲਣ ਦਾ .ਫ਼ੈਸਲਾ ਵਿਸ਼ਵ ਲਈ ਅਮਨ ਦਾ ਰਾਹ ਹੈ। ਇਸ ਤੋਂ ਬਾਅਦ ਸਭ ਦੇਸ਼ਾਂ ਨੂੰ ਆਪਣੀਆਂ ਵਿਦੇਸ਼ ਨੀਤੀਆਂ ਦੀ ਘੋਖ ਕਰਨੀ ਪਵੇਗੀ। ਸਾਡੇ ਹਾਕਮਾਂ ਦੀ ਇਹ ਤੈਅਸ਼ੁਦਾ ਨੀਤੀ ਰਹੀ ਹੈ ਕਿ ਉਹ ਚੀਨ ਦੇ ਵਿਰੋਧ ਵਿੱਚ ਅਮਰੀਕਾ ਨਾਲ ਖੜ੍ਹਾ ਹੋਵੇਗਾ। ਹੁਣ ਜਦੋਂ ਅਮਰੀਕਾ ਤੇ ਚੀਨ ਨੇ ਦੋਹਾਂ ਵਿਚਕਾਰ ਸ਼ੁਰੂ ਹੋਈ ਠੰਢੀ ਜੰਗ ਨੂੰ ਬਰੇਕ ਲਾਉਣ ਦਾ .ਫ਼ੈਸਲਾ ਕਰ ਲਿਆ ਹੈ ਤਾਂ ਸਾਡੇ ਹਾਕਮਾਂ ਨੂੰ ਵੀ ਆਪਣੀ ਨੀਤੀ ਨੂੰ ਨਵੇਂ ਸਿਰੇ ਤੋਂ ਵਿਚਾਰਨਾ ਚਾਹੀਦਾ ਹੈ। ਦੋਹਾਂ ਦੇਸ਼ਾਂ ਵਿਚਾਲੇ ਚੱਲ ਰਹੇ ਸਰਹੱਦੀ ਝਗੜੇ ਨੂੰ ਦੋਹਾਂ ਦੇਸ਼ਾਂ ਦੇ .ਫ਼ੌਜੀ ਅਧਿਕਾਰੀਆਂ ਦੀਆਂ ਮੀਟਿੰਗਾਂ 'ਤੇ ਹੀ ਨਹੀਂ ਛੱਡਣਾ ਚਾਹੀਦਾ, ਇਸ ਦੇ ਨਾਲ-ਨਾਲ ਰਾਜਨੀਤਕ ਪੱਧਰ ਦੀ ਗੱਲਬਾਤ ਦਾ ਰਾਹ ਖੋਲ੍ਹ ਕੇ ਝਗੜੇ ਨੂੰ ਨਿਬੇੜਨ ਲਈ ਅੱਗੇ ਵਧਣਾ ਚਾਹੀਦਾ ਹੈ।

-ਚੰਦ ਫਤਹਿਪੁਰੀ

ਇਹ ਜੰਗ ਨਹੀਂ, ਬੇਦੋਸ਼ੇ ਲੋਕਾਂ ਦਾ ਕਤਲੇਆਮ

ਗੁਰਚਰਨ ਸਿੰਘ ਨੂਰਪੁਰ

ਜੰਗ ਦੀ ਸ਼ੁਰੂਆਤ ਉਹ ਲੋਕ ਕਰਦੇ ਹਨ, ਜਿਹਨਾਂ ਦੀ ਲੜਨ ਦੀ ਉਮਰ ਲੰਘ ਗਈ ਹੁੰਦੀ ਹੈ। ਇਸ ਵਿੱਚ ਮਰਦੇ ਉਹ ਹਨ, ਜਿਹਨਾਂ ਦੇ ਮਰਨ ਦਾ ਅਜੇ ਸਮਾਂ ਨਹੀਂ ਹੁੰਦਾ। ਕਈ ਵਾਰ ਆਮ ਮਨੁੱਖ ਨੂੰ ਲੱਗਦਾ ਹੈ ਜੰਗ ਕਿਸੇ ਵੱਡੇ ਮਿਸ਼ਨ ਨੂੰ ਮੁੱਖ ਰੱਖ ਕੇ ਲੜੀ ਜਾ ਰਹੀ ਹੈ, ਪਰ ਇਹ ਕੁਰਸੀ ਦੇ ਕੇਵਲ ਚਾਰ ਪਾਵਿਆਂ ਦੀ ਸਲਾਮਤੀ ਲਈ ਵੀ ਹੋ ਸਕਦੀ ਹੈ।

ਪਿਛਲੇ ਦਿਨਾਂ ਤੋਂ ਇਜ਼ਰਾਈਲ-ਫਲਸਤੀਨ ਯੁੱਧ ਦੀਆਂ ਖਬਰਾਂ ਪੂਰੀ ਦੁਨੀਆਂ ਦੇ ਅਮਨ-ਪਸੰਦ ਲੋਕਾਂ ਨੂੰ ਬੇਚੈਨ ਕਰ ਰਹੀਆਂ ਹਨ। ਉੱਤਰੀ ਗਾਜ਼ਾ ਪੱਟੀ ਇਲਾਕੇ ਦੇ 11 ਲੱਖ ਤੋਂ ਵੱਧ ਗਿਣਤੀ ਦੇ ਲੋਕ ਹਨ, ਜਿਹਨਾਂ ਨੂੰ ਕਿਹਾ ਗਿਆ ਕਿ ਇਹ ਇਲਾਕਾ ਖਾਲੀ ਕਰ ਦਿਓ। ਇਲਾਕਾ ਖਾਲੀ ਕਰਨ ਲਈ ਹੀ ਨਹੀਂ ਕਿਹਾ ਗਿਆ, ਬਲਕਿ ਇਸ ਇਲਾਕੇ 'ਤੇ ਇਜ਼ਰਾਈਲ ਨੇ ਬੰਬਾਂ ਦਾ ਮੀਂਹ ਵਰ੍ਹਾ ਦਿੱਤਾ ਹੈ। ਮਕਾਨ, ਬਿਲਡਿੰਗਾਂ ਦੀ ਤਬਾਹੀ ਦਾ ਮੰਜ਼ਰ ਅਜਿਹਾ ਹੈ ਕਿ ਇੱਥੇ ਰਾਹ-ਰਸਤੇ ਵੀ ਨਹੀਂ ਬਚੇ। ਇਜ਼ਰਾਈਲ ਨਾਲ ਦਹਾਕਿਆਂ ਤੋਂ ਲੜਨ ਵਾਲੇ ਹਮਾਸ ਗਰੁੱਪ ਦੀਆਂ ਗਤੀਵਿਧੀਆਂ ਵੀ ਕੋਈ ਮਾਨਵੀ ਨਹੀਂ ਸਨ, ਪਰ ਉਹਨਾਂ ਦਾ ਬਦਲਾ ਫਲਸਤੀਨ ਆਮ ਲੋਕਾਂ, ਬੁੱਢਿਆਂ, ਔਰਤਾਂ ਅਤੇ ਮਾਸੂਮ ਬੱਚਿਆਂ ਨੂੰ ਮਾਰ ਕੇ ਲਿਆ ਜਾਵੇ, ਇਸ ਤੋਂ ਅਮਾਨਵੀ ਗੱਲ ਕੋਈ ਹੋਰ ਨਹੀਂ ਹੋ ਸਕਦੀ। ਬੰਬਾਰੀ ਦੇ ਸਹਿਮ ਹੇਠ ਮਾਸੂਮ ਬੱਚਿਆਂ, ਔਰਤਾਂ ਦੀਆਂ ਲਾਸ਼ਾਂ ਸੜਕਾਂ 'ਤੇ ਰੁਲ ਰਹੀਆਂ ਹਨ, ਇਹਨਾਂ ਖੰਡਰਾਂ ਵਿੱਚ ਡਰ ਕੇ ਬੈਠੇ ਬਚੇ ਲੋਕ ਭੁੱਖ ਪਿਆਸ ਨਾਲ ਤੜਪ-ਤੜਪ ਕੇ ਮਰ ਰਹੇ ਹਨ। ਕਰੀਬ 22 ਲੱਖ ਲੋਕ ਹਨ, ਜਿਹਨਾਂ ਨੂੰ ਤਬਾਹ ਕਰਨ ਦੀ ਧਮਕੀ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਚੁੱਕੇ ਹਨ। ਜੇਕਰ ਹਮਾਸ ਦੀਆਂ ਗਤੀਵਿਧੀਆਂ ਨੂੰ ਦੁਨੀਆ ਅੱਤਵਾਦੀ ਗਤੀਵਿਧੀਆਂ ਆਖਦੀ ਹੈ ਤਾਂ ਜੋ ਅੱਜ ਇਜ਼ਰਾਈਲ ਵੱਲੋਂ ਫਲਸਤੀਨ ਦੇ ਬੇਦੋਸ਼ੇ ਲੋਕਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ, ਇਸ ਨੂੰ ਕੀ ਕਹਾਂਗੇ? ਕੀ ਇਹ ਉਸ ਤੋਂ ਵੱਡਾ ਅੱਤਵਾਦ ਨਹੀਂ। ਹਮਾਸ ਸੰਗਠਨ ਦੀਆਂ ਗਤੀਵਿਧੀਆਂ ਨੂੰ ਕਿਵੇਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਇਜ਼ਰਾਇਲ ਦੀ ਸੈਨਾ ਜੋ ਇਸ ਇਲਾਕੇ ਵਿੱਚ ਬਾਰੂਦ ਦੀ ਹੋਲੀ ਖੇਡ ਰਹੀ ਹੈ, ਇਹ ਵੀ ਜ਼ੁਲਮੋ ਤਸ਼ੱਦਦ ਦੀ ਸਿਖਰ ਹੈ। ਸੰਯੁਕਤ ਰਾਸ਼ਟਰ ਅਤੇ ਪੱਛਮੀ ਦੇਸ਼ਾਂ ਦੇ ਆਗੂ ਇਸ ਕਤਲੇਆਮ 'ਤੇ ਖਾਮੋਸ਼ ਹਨ। ਦੁਨੀਆ ਦੀਆਂ ਵੱਡੀਆਂ ਸ਼ਕਤੀਆਂ ਦੀ ਇਹ ਖਾਮੋਸ਼ੀ ਬੇਹੱਦ ਨਿਰਾਸ਼ ਕਰਨ ਵਾਲੀ ਹੈ। ਅੱਜ ਦੇ ਇਸ ਆਧੁਨਿਕ ਦੌਰ ਵਿੱਚ ਵੀ ਜੇਕਰ ਦੁਨੀਆ ਦੇ ਕਿਸੇ ਖਿੱਤੇ ਵਿੱਚ ਵੱਡੀਆਂ ਤਾਕਤਾਂ ਦੀ ਸ਼ਹਿ 'ਤੇ ਜੇਕਰ ਹਜ਼ਾਰਾਂ ਲੋਕਾਂ ਦਾ ਕਤਲੇਆਮ ਹੁੰਦਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਦੁਨੀਆ ਸੁਰੱਖਿਅਤ ਹੱਥਾਂ ਵਿੱਚ ਨਹੀਂ ਹੈ।

1948 ਵਿੱਚ ਇਜ਼ਰਾਈਲ ਹੋਂਦ ਵਿੱਚ ਆਇਆ। ਇਸ ਤੋਂ ਪਹਿਲਾਂ ਇਜ਼ਰਾਈਲ ਦੀ ਕਿਤੇ ਕੋਈ ਹੋਂਦ ਨਹੀਂ ਸੀ। ਇਹ ਪੂਰਾ ਇਲਾਕਾ ਜੋ ਫਲਸਤੀਨ ਕੋਲ ਸੀ, ਨਾਲ ਇਜ਼ਰਾਈਲ ਦੀਆਂ ਕਈ ਜੰਗਾਂ ਹੋਈਆਂ। ਹਰ ਵਾਰ ਜੰਗ ਦੌਰਾਨ ਇਜ਼ਰਾਈਲ ਆਪਣੀਆਂ ਸੀਮਾਵਾਂ ਵਧਾਉਂਦਾ ਗਿਆ ਅਤੇ ਦੁਨੀਆ ਦੇ ਨਕਸ਼ੇ 'ਤੇ ਫਲਸਤੀਨ ਦਾ ਨਕਸ਼ਾ ਛੋਟਾ ਹੁੰਦਾ ਗਿਆ। ਫਲਸਤੀਨ ਕੋਲ ਕੋਈ ਬਾਹਲਾ ਆਧੁਨਿਕ ਜੰਗੀ ਸਾਜ਼ੋ ਸਮਾਨ ਨਹੀਂ, ਜਿਸ ਨਾਲ ਉਹ ਇਜ਼ਰਾਈਲ ਦੀ ਅਤਿ ਆਧੁਨਿਕ ਫੌਜ ਦਾ ਮੁਕਾਬਲਾ ਕਰ ਸਕੇ। ਇਜ਼ਰਾਈਲ ਦੀ ਫੌਜ ਆਧੁਨਿਕ ਮਿਜ਼ਾਇਲਾਂ ਨਾਲ ਲੈਸ ਹੈ। ਹਵਾ ਵਿੱਚ ਹੀ ਦੁਸ਼ਮਣ ਦੀਆਂ ਮਿਜ਼ਾਇਲਾਂ ਨੂੰ ਖਤਮ ਕਰਨ ਦੀ ਆਧੁਨਿਕ ਤਕਨੀਕ ਵੀ ਇਜ਼ਰਾਈਲ ਕੋਲ ਮੌਜੂਦ ਹੈ। ਇਸ ਤੋਂ ਇਲਾਵਾ ਆਧੁਨਿਕ ਦੌਰ ਵਿੱਚ ਕਿਸੇ ਦੀ ਵੀ ਜਸੂਸੀ ਕਰਨ ਦੀ ਅਤਿ ਆਧੁਨਿਕ ਤਕਨੀਕ, ਜਿਸ ਦਾ ਸਾਡੇ ਦੇਸ਼ ਭਾਰਤ ਵਿੱਚ ਵੀ ਬੜਾ ਰੌਲਾ ਪੈਂਦਾ ਰਿਹਾ ਹੈ, ਇਜ਼ਰਾਈਲ ਦੇ ਪਾਸ ਹੈ, ਇਸ ਰਾਹੀਂ ਉਹ ਆਪਣੇ ਆਸ-ਪਾਸ ਦੇ ਦੇਸ਼ਾਂ ਦੇ ਹਰ ਬੰਦੇ ਦੀ ਬੜੀ ਆਸਾਨੀ ਨਾਲ ਜਸੂਸੀ ਕਰ ਸਕਦੇ ਹਨ, ਪਤਾ ਲਗਾ ਸਕਦੇ ਹਨ ਕਿ ਕੌਣ ਉਹਨਾਂ ਦਾ ਦੁਸ਼ਮਣ ਹੈ ਅਤੇ ਕੌਣ ਨਹੀਂ? ਏਨੀ ਉੱਚ ਤਕਨੀਕ ਹੋਣ ਦੇ ਬਾਵਜੂਦ ਆਮ ਲੋਕਾਂ ਨੂੰ ਬੰਬਾਂ ਨਾਲ ਕਿਉਂ ਉਡਾਇਆ ਜਾ ਰਿਹਾ ਹੈ?

ਦੁਨੀਆ ਦਾ ਹਰ ਅਮਨ ਪਸੰਦ ਮਨੁੱਖ, ਜਿਸ ਅੰਦਰ ਇਨਸਾਨੀਅਤ ਹੈ,ਮਾਨਵਤਾ ਹੈ ਇਜ਼ਰਾਈਲੀ

ਸਰਕਾਰ ਦੀ ਜ਼ਿਆਦਤੀ ਦੀ ਨਿਖੇਧੀ ਕਰ ਰਿਹਾ ਹੈ। ਇੱਥੇ ਵਿਚਾਰਨਯੋਗ ਗੱਲ ਇਹ ਵੀ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਹਮਾਸ ਦੇ ਲੜਾਕੇ ਤੇ ਇਜ਼ਰਾਈਲੀ ਸੈਨਾ ਦੋਵੇਂ ਖਲਨਾਇਕ ਦੀ ਭੂਮਿਕਾ ਨਿਭਾਅ ਰਹੇ ਹਨ।

ਕਿਰਿਆ ਦੀ ਪ੍ਰਤੀ ਕਿਰਿਆ ਹੁੰਦੀ ਹੈ ਹਰ ਤਰ੍ਹਾਂ ਦੇ ਸਰੋਕਾਰਾਂ ਦੇ ਇੱਕ ਦਿਨ ਨਤੀਜੇ ਵੀ ਆਉਣੇ ਹੁੰਦੇ ਹਨ। ਪਿਛਲੇ 16 ਸਾਲਾਂ ਤੋਂ ਇਜ਼ਰਾਇਲ ਦੀ ਸੱਤਾ 'ਤੇ ਕਾਬਜ਼ ਨੇਤਨਯਾਹੂ ਦੇ ਖਿਲਾਫ ਵੀ ਆਵਾਜ਼ਾਂ ਉੱਚੀਆਂ ਹੋ ਰਹੀਆਂ ਹਨ। ਇਜ਼ਰਾਈਲੀ ਮੀਡੀਆ ਸਮੇਤ ਦੁਨੀਆ ਭਰ ਦੇ ਮੀਡੀਆ ਹਾਊਸਾਂ ਵਿੱਚ ਇਹ ਵੀ ਚਰਚਾ ਹੈ ਕਿ ਨੇਤਨਯਾਹੂ ਸੱਤਾ 'ਤੇ ਬਣੇ ਰਹਿਣ ਲਈ ਲੋਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕ ਰਹੇ ਹਨ। ਜਿਵੇਂ ਕਿਸੇ ਵੀ ਦੇਸ਼ ਦੀ ਬਹੁਗਿਣਤੀ ਨਹੀਂ ਚਾਹੁੰਦੀ ਹੁੰਦੀ ਕਿ ਦੂਜੇ ਮੁਲਕ ਦੇ ਬੇਦੋਸ਼ੇ ਲੋਕਾਂ 'ਤੇ ਜ਼ੁਲਮੋਂ-ਤਸ਼ੱਦਦ ਕੀਤਾ ਜਾਵੇ। ਅਮਨਪਸੰਦ ਇਜ਼ਰਾਈਲੀ ਲੋਕਾਂ ਦੇ ਇਕੱਠਾਂ ਵਿੱਚ ਇਹ ਨਾਹਰੇ ਗੂੰਜਣ ਲੱਗੇ ਹਨ ਕਿ 'ਇਜ਼ਰਾਈਲ ਨੂੰ ਕੋਈ ਹੱਕ ਨਹੀਂ ਕਿ ਉਹ ਸਾਡੇ ਨਾਂਅ 'ਤੇ ਬੇਦੋਸ਼ੇ ਲੋਕਾਂ ਨੂੰ ਮਾਰੇ।' ਇਸੇ ਤਰ੍ਹਾਂ ਇਜ਼ਰਾਇਲ ਦੇ ਅਮਨ ਪਸੰਦ ਲੋਕ ਨੇਤਨਯਾਹੂ ਦੇ ਸ਼ਾਸਨ ਤੋਂ ਖੁਸ਼ ਨਹੀਂ ਹਨ, ਬਲਕਿ ਉਹਨਾਂ ਵਿੱਚ ਬਹੁਤ ਰੋਸ ਹੈ। ਹਮਾਸ ਵੱਲੋਂ ਬੰਦੀ ਬਣਾਏ ਗਏ ਇੱਕ ਸੌ ਦੇ ਕਰੀਬ ਇਜ਼ਰਾਈਲੀਆਂ ਦੇ ਵਾਰਸ ਵੀ ਸੜਕਾਂ 'ਤੇ ਉਤਰ ਕੇ ਆਪਣੀ ਸਰਕਾਰ ਵਿਰੋਧ ਗੁੱਸੇ ਦਾ ਇਜ਼ਹਾਰ ਕਰ ਰਹੇ ਹਨ।

ਇਜ਼ਰਾਈਲ ਇਸ ਸਮੇਂ ਗਾਜ਼ਾ ਪੱਟੀ ਨੂੰ ਦੁਨੀਆ ਦੇ ਨਕਸ਼ੇ ਤੋਂ ਖਤਮ ਕਰਨ ਦੇ ਰੌਂਅ ਵਿੱਚ ਹੈ ਇੱਥੇ ਫਲਸਤੀਨ ਦੇ ਕੋਈ 22 ਲੱਖ ਦੇ ਕਰੀਬ ਲੋਕ ਵਸਦੇ ਹਨ। ਦੂਜੇ ਪਾਸੇ ਇੱਥੇ ਹੀ ਆਪਣੀਆਂ ਗਤੀਵਿਧੀਆਂ ਚਲਾਉਣ ਵਾਲੇ ਸੰਗਠਨ ਹਮਾਮ ਜਿਸ ਨੂੰ ਕਈ ਦੇਸ਼ਾਂ ਦੀ ਹਮਾਇਤ ਹਾਸਲ ਹੈ, ਇਜ਼ਰਾਈਲ ਦੇ ਕੁਝ ਇਲਾਕਿਆਂ ਵਿੱਚ ਮਿਜ਼ਾਇਲਾਂ ਦਾਗ ਰਿਹਾ ਹੈ। ਅਮਰੀਕਾ ਸਮੇਤ ਕੁਝ ਪੱਛਮੀ ਦੇਸ਼ ਜੋ ਹਮਾਮ ਨੂੰ ਇੱਕ ਅੱਤਵਾਦੀ ਸੰਗਠਨ ਮੰਨਦੇ ਹਨ, ਦੀ ਹਮਾਇਤ ਭਾਵੇਂ ਇਸ ਸਮੇਂ ਇਜ਼ਰਾਈਲ ਨਾਲ ਹੈ, ਪਰ ਜਦੋਂ ਪੂਰੀ ਦੁਨੀਆ ਵਿੱਚ ਗਾਜ਼ਾ ਦੇ ਲੋਕਾਂ 'ਤੇ ਇਜ਼ਰਾਈਲ ਵੱਲੋਂ ਕੀਤੀ ਬੰਬਾਰੀ ਨਾਲ ਹੋਈ ਤਬਾਹੀ ਦੀਆਂ ਤਸਵੀਰਾਂ ਵਾਇਰਲ ਹੋਣ ਲੱਗੀਆਂ ਤਾਂ ਅਮਰੀਕਾ ਨੂੰ ਵੀ ਇਹ ਬਿਆਨ ਦੇਣਾ ਪਿਆ ਕਿ ਇਜ਼ਰਾਈਲ ਆਪਣੀਆਂ ਹੱਦਾਂ ਤੋਂ ਅਗਾਂਹ ਜਾ ਰਿਹਾ ਹੈ ਅਤੇ ਇਹ ਚੰਗਾ ਨਹੀਂ ਹੋਵੇਗਾ। ਅਮਰੀਕਾ ਸਮੇਤ ਕੁਝ ਪੱਛਮੀ ਦੇਸ਼ਾਂ ਅਤੇ

20-NOV-PAGE-5.qxd 11/19/2023 9:41 PM Page 1

'ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਬਣਦਾ ਮਹਿੰਗਾਈ ਭੱਤਾ ਦੇਣ ਸੰਬੰਧੀ ਤੁਰੰਤ ਪੱਤਰ ਜਾਰੀ ਕਰੇ ਸਰਕਾਰ'

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਤੋਂ ਕੀਤੀ ਮੰਗ

ਮੋਗਾ (ਅਮਰਜੀਤ ਬੱਬਰੀ)-ਵਿੱਤ ਵਿਭਾਗ ਪੰਜਾਬ ਦੀ ਪ੍ਰਵਾਨਗੀ ਅਨੁਸਾਰ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ 14 ਨਵੰਬਰ 2023 ਨੂੰ ਪੰਜਾਬ ਰਾਜ ਵਿੱਚ ਕੰਮ ਕਰਦੇ ਜੁਡੀਸ਼ੀਅਲ ਅਫ਼ਸਰਾਂ ਨੂੰ ਵਧੇ ਹੋਏ ਮਹਿੰਗਾਈ ਭੱਤੇ ਦੀ ਅਦਾਇਗੀ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।ਇਨ੍ਹਾਂ ਹੁਕਮਾਂ ਅਨੁਸਾਰ ਜੁਡੀਸ਼ੀਅਲ ਅਫ਼ਸਰਾਂ ਨੂੰ ਭਾਰਤ ਸਰਕਾਰ ਵੱਲੋਂ ਦਿੱਤੇ ਜਾ ਰਹੇ ਮਹਿੰਗਾਈ ਭੱਤੇ ਦੇ ਬਰਾਬਰ ਮਹਿੰਗਾਈ ਭੱਤਾ ਦਿੱਤਾ ਜਾਵੇਗਾ।ਭਾਰਤ ਸਰਕਾਰ ਵੱਲੋਂ ਜਿਸ ਮਿਤੀ ਤੋਂ ਮਹਿੰਗਾਈ ਭੱਤਾ ਦਿੱਤਾ ਜਾਵੇਗਾ, ਉਸੇ ਮਿਤੀ ਤੋਂ ਮਹਿੰਗਾਈ ਭੱਤਾ ਉਕਤ ਅਧਿਕਾਰੀਆਂ ਤੇ ਲਾਗੂ ਹੋਵੇਗਾ।ਇਨ੍ਹਾਂ ਜਾਰੀ ਹੋਏ ਤਾਜ਼ਾ ਹੁਕਮਾਂ 'ਤੇ ਟਿੱਪਣੀ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1600 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਆਗੂ ਰਣਬੀਰ ਸਿੰਘ ਢਿੱਲੋਂ, ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਚਰਨ ਸਿੰਘ ਸਰਾਭਾ, ਸੁਰਿੰਦਰ ਕੁਮਾਰ ਪੁਆਰੀ, ਜਗਦੀਸ਼ ਸਿੰਘ ਚਾਹਲ, ਪ੍ਰੇਮ ਚਾਵਲਾ, ਕਰਤਾਰ ਸਿੰਘ ਪਾਲ, ਪ੍ਰਵੀਨ ਕੁਮਾਰ ਲੁਧਿਆਣਾ, ਅਮਰਜੀਤ ਕੌਰ ਰਣ ਸਿੰਘ ਵਾਲਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਮੇਲਾ ਸਿੰਘ ਪੁਨਵਾਲ, ਗੁਰਮੇਲ ਸਿੰਘ ਮੇਲਡੇ ਤੇ ਜਸਪਾਲ ਸੰਧੂ ਨੇ ਕਿਹਾ ਕਿ ਭਾਰਤ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਵਿੱਚ ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਤਿੰਨ ਮਜ਼ਬੂਤ ਥੰਮ੍ਹ ਹਨ।ਉਨ੍ਹਾ ਕਿਹਾ ਕਿ ਹਰ ਥੰਮ੍ਹ ਦਾ ਆਪਣੇ ਆਪਣੇ ਥਾਂ 'ਤੇ ਮਹੱਤਵਪੂਰਨ ਰੋਲ ਹੈ, ਪਰ ਪੰਜਾਬ ਸਰਕਾਰ ਦੇ ਉਕਤ ਪੱਤਰ ਅਨੁਸਾਰ ਨਿਆ ਪਾਲਿਕਾ ਤੋਂ ਬਿਨਾਂ ਦੂਜੇ ਮਹੱਤਵਪੂਰਨ ਥੰਮ੍ਹਾਂ ਜਿਵੇਂ ਕਿ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਨੂੰ ਨਜ਼ਰ ਅੰਦਾਜ਼ ਕਰਨਾ ਭਰਤੀ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ ਹੈ।ਆਗੂਆਂ ਨੇ ਕਿਹਾ ਕਿ ਜੇਕਰ ਮੌਜੂਦਾ ਸਮੇਂ ਦੀ ਸਥਿਤੀ ਨੂੰ ਵੇਖੀਏ ਤਾਂ ਇਸ ਪੱਤਰ ਅਨੁਸਾਰ ਪੰਜਾਬ ਰਾਜ ਦੇ ਸਮੂਹ ਜੁਡੀਸ਼ੀਅਲ ਅਫਸਰ 46 ਫੀਸਦੀ ਡੀ ਏ ਹਾਸਲ ਕਰਨਗੇ ਤੇ ਉਸੇ ਦਫਤਰ ਜਾਂ ਪੰਜਾਬ ਸਰਕਾਰ ਦੇ ਕਿਸੇ ਹੋਰ ਦਫਤਰ ਵਿੱਚ ਕੰਮ ਕਰਦੇ ਦਰਜਾ ਚਾਰ ਕਰਮਚਾਰੀ, ਦਰਜਾ ਤਿੰਨ ਮੁਲਾਜ਼ਮ ਤੇ ਸਮੂਹ ਪੈਨਸ਼ਨਰ 34 ਫੀਸਦੀ ਡੀ ਏ ਭਾਵ 12 ਫੀਸਦੀ ਘੱਟ ਡੀ ਏ ਪ੍ਰਾਪਤ ਕਰਨਗੇ ਜੋ ਕਿ ਇਨ੍ਹਾਂ ਸਾਰਿਆਂ ਨਾਲ ਬੇਇਨਸਾਫੀ ਹੈ ਅਤੇ ਭਾਰਤੀ ਸੰਵਿਧਾਨ ਤੇ ਕੁਦਰਤੀ ਨਿਆ ਦੀ ਵੀ ਉਲੰਘਣਾ ਹੈ।ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਭਾਰਤ ਸਰਕਾਰ ਦੇ ਪੈਟਰਨ ਅਨੁਸਾਰ ਪੰਜਾਬ ਰਾਜ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਬਣਦਾ 46 ਫੀਸਦੀ ਮਹਿੰਗਾਈ ਭੱਤਾ ਤੁਰੰਤ ਦੇਣ ਸਬੰਧੀ ਪੱਤਰ ਜਾਰੀ ਕੀਤਾ ਜਾਵੇ।

ਬਦਲਾਅ ਨਸ਼ੇ, ਲੁੱਟ-ਖੋਹਾਂ ਤੇ ਝੂਠੇ ਵਾਅਦੇ ਨਹੀਂ, ਅਸਲ ਬਦਲਾਅ ਲੋਕਾਂ2024 'ਚ ਕਰਨਗੇ : ਖਾਲਸਾ, ਖੰਨਾ

ਲੋਕ ਸਭਾ ਫਤਿਹਗੜ੍ਹ ਸਾਹਿਬ ਦੇ ਆਬਜ਼ਰਵਰ ਖਾਲਸਾ ਦਾ ਕੀਤਾ ਵਿਸ਼ੇਸ਼ ਸਨਮਾਨ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਆਪ ਸਰਕਾਰ ਦਾ ਬਦਲਾਅ ਨਸ਼ਿਆਂ ਵਿੱਚ ਵਾਧਾ, ਹਰ ਰੋਜ਼ ਲੁੱਟਾਂ ਖੋਹਾਂ, ਮੁਲਾਜ਼ਮਾਂ 'ਤੇ ਲਾਠੀਚਾਰਜ ਤੇ ਝੂਠੇ ਵਾਅਦੇ ਨਹੀਂ, ਸਗੋਂ ਅਸਲ ਬਦਲਾਅ ਪੰਜਾਬ ਦੇ ਲੋਕ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਰਨਗੇ, ਜਦੋਂ ਆਪ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋਣਗੀਆਂ। ਇਸ ਗੱਲ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਆਬਜ਼ਰਵਰ ਬਿਕਰਮਜੀਤ ਸਿੰਘ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਪਾਰਟੀ ਦਫਤਰ ਅਮਲੋਹ ਵਿਖੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਪਰੋਕਤ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਭਗਵੰਤ ਮਾਨ ਸਰਕਾਰ ਦੀਆਂ ਝੂਠੀਆਂ ਗ੍ਰਾਂਟੀਆਂ ਨੂੰ ਨਕਾਰਦੇ ਹੋਏ ਸੜਕਾਂ ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ, ਜੋ ਮੁਲਜਮ ਅਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦਾ ਹੈ। ਉਸ ਦੀ ਅਵਾਜ਼ ਲਾਠੀਚਾਰਜ ਕਰਕੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਖਾਲਸਾ ਨੇ ਕਿਹਾ ਕਿ ਲੋਕਾਂ ਨੇ ਬਦਲਾਅ ਦੇ ਨਾਂ 'ਤੇ ਇਸ ਸਰਕਾਰ ਨੂੰ ਸੱਤਾ ਵਿੱਚ ਲਿਆਂਦਾ, ਪਰ ਹੁਣ ਦੋ ਸਾਲਾਂ ਵਿੱਚ ਹੀ, ਜਿਸ ਕਦਰ ਆਪ ਸਰਕਾਰ ਨੇ ਪੰਜਾਬ ਨੂੰ ਤਬਾਹੀ ਵੱਲ ਧੱਕ ਦਿੱਤਾ, ਜਿਸ ਤੋਂ ਸੁਚੇਤ ਹੋ ਕੇ ਪੰਜਾਬ ਦਾ ਹਰ ਵਰਗ ਇਸ ਝੂਠੀ ਸਰਕਾਰ ਨੂੰ ਚਲਦਾ ਕਰਨ ਲਈ ਉਤਾਵਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਲਦਾ ਕਰਨ ਦੀ ਨੀਂਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦਾ ਹਰ ਵਰਗ ਰੱਖੇਗਾ। ਖਾਲਸਾ ਤੇ ਰਾਜੂ ਖੰਨਾ ਨੇ ਪੰਜਾਬ ਦੇ ਹਰ ਵਰਗ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਕੇ ਲੋਕ ਹਿਤੈਸ਼ੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤੱਤਪਰ ਰਹਿਣ ਤਾਂ ਜੋ ਆਪ ਸਰਕਾਰ ਨੂੰ ਕੀਤੇ ਜਾ ਰਹੇ ਲੋਕ ਵਿਰੋਧੀ ਨੀਤੀਆਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਬਿਕਰਮਜੀਤ ਸਿੰਘ ਖਾਲਸਾ ਨੂੰ ਪਾਰਟੀ ਦਫਤਰ ਅਮਲੋਹ ਆਉਣ 'ਤੇ ਰਾਜੂ ਖੰਨਾ ਦੀ ਅਗਵਾਈ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਨਜੀਤ ਸਿੰਘ ਚਨਾਰਥਲ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਸੀਨੀਅਰ ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਜਥੇਦਾਰ ਮਹਿੰਦਰ ਸਿੰਘ ਭੱਦਲਥੂਹਾ, ਸਵਰਨ ਸਿੰਘ ਝੱਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸੰਵਿਧਾਨਕ ਹੱਕਾਂ ਦੀ ਅਣਦੇਖੀ ਵਿਰੁੱਧ 6 ਨੂੰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ : ਜੁਆਇੰਟ ਐਕਸ਼ਨ ਕਮੇਟੀ

ਦਿੜ੍ਹਬਾ (ਜਸਵੀਰ ਲਾਡੀ) ਇੱਥੇ ਦਾਣਾ ਮੰਡੀ ਵਿੱਚ ਸਾਂਝੀ ਐਕਸ਼ਨ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਦੱਸਿਆ ਗਿਆ ਕਿ 22 ਦੰਸਬਰ 2022 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਪੰਜਾਬ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਜੁਆਇੰਟ ਐਕਸ਼ਨ ਕਮੇਟੀ ਲੀਡਰਸ਼ਿਪ ਤੇ ਵਿਭਾਗਾਂ ਦੇ ਮੁਖੀਆਂ ਦੀ ਹੋਈ ਮੀਟਿੰਗ ਵਿੱਚ ਐਕਸ਼ਨ ਕਮੇਟੀ ਵੱਲੋਂ ਪੇਸ਼ 31 ਭਖਦੇ ਮੁੱਦਿਆਂ 'ਤੇ ਅਧਾਰਤ ਮੰਗ ਪੱਤਰ 'ਤੇ ਭਖਵਾਂ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਕਿ 22 ਜਨਵਰੀ 2023 ਨੂੰ ਦੁਬਾਰਾ ਮੀਟਿੰਗ ਵਿੱਚ ਮਸਲੇ ਹੱਲ ਕੀਤੇ ਜਾਣਗੇ। ਅੱਜ ਤੱਕ ਨਾ ਕੋਈ ਉਸਾਰੂ ਮੀਟਿੰਗ, ਨਾ ਹੀ ਕੋਈ ਮਸਲਾ ਹੱਲ ਹੋਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜੁਆਇੰਟ ਐਕਸ਼ਨ ਕਮੇਟੀ ਦੇ ਕੋਆਰਡੀਨੇਟਰ ਜਸਬੀਰ ਸਿੰਘ ਪਾਲ ਨੇ ਚੋਣਵੇਂ ਪੱਤਰਕਾਰਾਂ ਨਾਲ ਅਨਾਜ ਮੰਡੀ ਵਿੱਚ ਗੱਲਬਾਤ ਕਰਦਿਆਂ ਕੀਤਾ।

ਇਸ ਸਮੇਂ ਸੀਨੀਅਰ ਆਗੂ ਕਰਨੈਲ ਸਿੰਘ ਨੀਲੋਵਾਲ, ਹਰਜਸ ਸਿੰਘ ਖਡਿਆਲ, ਹਾਕਮ ਸਿੰਘ ਨੇ ਦੱਸਿਆ ਕਿ 85ਵੀਂ ਸੋਧ ਬਹਾਲ ਕਰਨ, 10 ਅਕਤੂਬਰ 2014 ਦਾ ਪੱਤਰ ਰੱਦ ਕਰਨ, ਮਜ਼ਦੂਰ ਮਾਰੂ 13 ਘੰਟੇ ਕੰਮ ਕਰਨ ਦਾ ਹੁਕਮ ਰਦ ਕਰਨ, ਮਨਰੇਗਾ, ਮਜ਼ਦੂਰਾਂ ਅਤੇ ਪੰਪ ਅਪ੍ਰੇਟਰ ਨੂੰ ਪੂਰੀ ਤਨਖਾਹ ਦੇਣ, ਡੇਲੀਵੇਜ਼, ਠੇਕੇ 'ਤੇ ਅਧਾਰਤ ਮੁਲਾਜ਼ਮ ਰੈਗੂਲਰ ਕਰਨ, ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਜਾਲ੍ਹੀ ਸਰਟੀਫਿਕੇਟ ਘਪਲਾ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ, 22 ਲੱਖ ਵਿਦਿਆਰਥੀਆਂ ਨੂੰ ਪੂਰਾ ਵਜ਼ੀਫਾ ਤੇ ਮੈਂਟੀਨੈਂਸ ਅਲਾਊਂਸ, ਅਸਲੀ ਕਾਸ਼ਤਕਾਰ ਨੂੰ ਫਾਲਤੂ ਸਰਕਾਰੀ ਜ਼ਮੀਨ ਅਲਾਟ ਕਰਨ, ਰਾਖਵੀ ਪੰਚਾਇਤ ਜ਼ਮੀਨ ਐੱਸ ਸੀਜ਼ ਬੋਲੀ 'ਤੇ ਦਿੱਤੀ ਜਾਵੇ, ਬੇਨਾਮੀ ਬੋਲੀ ਰੱਦ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਪੈਨਸ਼ਨਰਜ਼ ਨੂੰ 2.59 ਗੁਣਾਂਕ ਨਾਲ ਪੈਨਸ਼ਨ ਦੇਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਮਹਿੰਗਾਈ ਭੱਤਾ ਤੇ ਇਸ ਦਾ ਬਕਾਇਆ ਕਲੀਅਰ ਕਰਨ ਅਤੇ ਨਿਯਮਾਂ ਦੇ ਉਲਟ ਸੀਨੀਅਰ ਐੱਸ ਸੀ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਾਊਨ ਕੀਤੀਆਂ ਸੀਨੀਆਰਤਾ ਸੂਚੀਆਂ ਤੁਰੰਤ ਰੀਕਾਸਟ ਕਰਕੇ ਪ੍ਰਮੋਸ਼ਨਜ਼ ਕੀਤੀਆਂ ਜਾਣ ਆਦਿ ਭਖਦੇ ਮਸਲਿਆਂ ਦੇ ਹੱਲ ਲਈ 7 ਦਿਨ ਦੇ ਅੰਦਰ ਅੰਦਰ ਜੁਆਇੰਟ ਐਕਸ਼ਨ ਕਮੇਟੀ ਦੀ ਸਮੁੱਚੀ ਲੀਡਰਸ਼ਿਪ ਨਾਲ ਟੇਬਲ ਗੱਲਬਾਤ ਰਾਹੀਂ ਮੰਨ ਕੇ ਸਮਾਜ ਵਿੱਚ ਪਸਰ ਰਹੀ ਪੰਜਾਬ ਸਰਕਾਰ ਵਿਰੁੱਧ ਰੋਸ ਤੇ ਬੇਵਿਸ਼ਵਾਸੀ ਨੂੰ ਦੂਰ ਕੀਤਾ ਜਾਵੇ। ਇਸ ਸਮੇਂ ਸ਼ਾਮਲ ਸਮੂਹ ਲੀਡਰਸ਼ਿਪ ਨੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮਜਬੂਰਨ ਹਜ਼ਾਰਾਂ ਕਾਰਕੁਨ ਜੁਆਇੰਟ ਐਕਸ਼ਨ ਕਮੇਟੀ ਦੇ ਝੰਡੇ ਥੱਲੇ 6 ਦੰਸਬਰ 2023 ਨੂੰ ਸੰਗਰੂਰ ਮੁੱਖ ਮੰਤਰੀ ਦੇ ਘਰ ਮੂਹਰੇ ਆਪਣੇ ਪ੍ਰਚੰਡ ਵਿਸ਼ਾਲ ਰੋਸ ਦਾ ਪ੍ਰਗਟਾਵਾ ਕਰਨਗੇ, ਜਿਸ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਦਾਰ ਸਰਕਾਰ ਹੋਵੇਗੀ।

ਇਸ ਸਮੇਂ ਸੀਨੀਅਰ ਆਗੂ ਹਰਵਿੰਦਰ ਸਿੰਘ ਮੰਡੇਰ, ਰਾਜ ਸਿੰਘ ਟੋਡਰਵਾਲ, ਅਜੈਬ ਸਿੰਘ ਬਠੋਈ, ਬਲਦੇਵ ਭਾਰਤੀ, ਹਾਕਮ ਸਿੰਘ ਪ੍ਰਧਾਨ, ਜਗਦੇਵ ਸਿੰਘ ਪਲੇਦਾਰ ਯੂਨੀਅਨ, ਲਾਲ ਸਿੰਘ ਮੋੜ, ਜੈਲ ਸਿੰਘ ਸਿਕਲੀਗਰ ਸੈੱਲ, ਅਮਨਦੀਪ ਕੌਰ ਦਿੜ੍ਹਬਾ, ਹਰਵਿੰਦਰ ਸਿੰਘ ਭੱਠਲ, ਜਗਾ ਸਿੰਘ, ਸੁਖਵਿੰਦਰ ਸਿੰਘ ਕਾਲੀ, ਸ਼ੇਰੂ ਰਾਮ, ਬਲਵੰਤ ਸਿੰਘ, ਜਸਾ ਸਿੰਘ ਕੜਿਆਲ, ਸੁਰਮੁੱਖ ਸਿੰਘ, ਭੁਪਿੰਦਰ ਜਸੀ, ਬਨਹਾਲ ਸਿੰਘ ਮਾਨਸਾ, ਬਲਵੰਤ ਸਿੰਘ, ਚਮਕੌਰ ਸਿੰਘ, ਅਜਾਇਬ ਸਿੰਘ ਮੀਡੀਆ ਇੰਚਾਰਜ ਆਦਿ ਹਾਜ਼ਰ ਸਨ।

ਕਾਤਰਾਂ

ਧਾਰਮਿਕ ਸਮਾਗਮ ਕਰਵਾਉਣਾ ਸ਼ਲਾਘਾਯੋਗ ਕਾਰਜ : ਹਨੀ ਫੱਤਣਵਾਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)- ਧਾਰਮਿਕ ਸਮਾਗਮ ਕਰਵਾਉਣਾ ਇੱਕ ਬਹੁਤ ਹੀ ਵਧੀਆ ਤੇ ਸ਼ਲਾਘਾਯੋਗ ਕਾਰਜ ਹੈ ਅਤੇ ਇਸ ਨਾਲ ਆਪਸੀ ਭਾਈਚਾਰਾ ਕਾਇਮ ਰਹਿੰਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡ ਗੋਨਿਆਣਾ ਵਿਖੇ ਬਾਬਾ ਹਰਭਜਨ ਸਿੰਘ ਗੋਨਿਆਣਾ ਵੱਲੋਂ ਕਰਵਾਏ ਗਏ ਸਾਲਾਨਾ ਧਾਰਮਿਕ ਸਮਾਗਮ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸਾਨੂੰ ਸਭ ਨੂੰ ਅਜਿਹੇ ਸਮਾਗਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਸਮਾਗਮ ਦੌਰਾਨ ਕੀਰਤਨੀਏ ਜੱਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅੰਤ ਵਿੱਚ ਬਾਬਾ ਹਰਭਜਨ ਸਿੰਘ ਵੱਲੋਂ ਹਨੀ ਫੱਤਣਵਾਲਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮੇਹਰ ਸਿੰਘ ਅਟਾਰੀ ਸਾਬਕਾ ਚੇਅਰਮੈਨ, ਬਲਜੀਤ ਸਿੰਘ ਭੁੱਟੀਵਾਲਾ, ਰੁਪਿੰਦਰ ਸਿੰਘ ਸੋਖੋਂ, ਜੈਰਾਜ ਸਿੰਘ ਬਰਾੜ, ਧਰਮ ਸਿੰਘ ਸੈਕਟਰੀ, ਇਕਬਾਲ ਸਿੰਘ ਸੰਗੂਧੌਣ, ਮੁਕੇਸ਼ ਕੁਮਾਰ ਬਰੀਵਾਲਾ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀ ਸੰਗਤ ਭਰਵੀਂ ਸੰਗਤ ਹਾਜ਼ਰ ਸੀ।

ਨਸ਼ਾ ਰੋਕੂ ਐਕਸ਼ਨ ਕਮੇਟੀ ਦੀ ਮੀਟਿੰਗ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਨਸ਼ਾ ਰੋਕੂ ਐਕਸਨ ਕਮੇਟੀ ਲੌਂਗੋਵਾਲ ਦੀ ਮੀਟਿੰਗ ਮਾਸਟਰ ਬਲਵੀਰ ਚੰਦ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਸਮੇਂ ਹਲਕਾ ਇੰਚਾਰਜ ਵਿੱਕੀ ਵਸ਼ਿਸ਼ਟ ਨੂੰ ਮੰਗ ਪੱਤਰ ਸੌਂਪਿਆ ਗਿਆ ਤੇ ਪਿੰਡ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵਿੱਚ ਖਾਲੀ ਪਈਆਂ ਪੋਸਟਾਂ ਤੇ ਹੋਰ ਮੰਗਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ ਤੇ ਹਲਕਾ ਇੰਚਾਰਜ ਨੇ ਭਰੋਸਾ ਦਿੱਤਾ ਕਿ ਅਸੀਂ ਟਾਈਮ ਲੈ ਕੇ ਮੁਲਾਕਾਤ ਕਰਕੇ ਇਹ ਸਾਰੀਆਂ ਮੰਗਾਂ 'ਤੇ ਧਿਆਨ ਦਬਾਵਾਂਗੇ ਤੇ ਹਰ ਹੀਲੇ ਪ੍ਰਬੰਧ ਕਰਾਂਗੇ। ਇਸ ਸਮੇਂ ਪ੍ਰਿਥੀ ਲੌਂਗਵਾਲ, ਹਰਵਿੰਦਰ ਢੀਂਡਸਾ, ਜੁਝਾਰ ਸਿੰਘ ਦੇਸ਼ ਭਗਤ ਯਾਦਗਰ ਕਮੇਟੀ, ਬੀਬੀ ਸੁਰਿੰਦਰ ਕੌਰ, ਮੰਗਤ ਸਿੰਘ, ਬੀਟਾ ਮਿਸਤਰੀ, ਭੋਲਾ ਪਨਾਚ, ਕਿਰਤੀ ਕਿਸਾਨ ਯੂਨੀਅਨ ਦੇ ਗੁਰਮੀਤ ਸਿੰਘ, ਐਮ ਸੀ ਸਿਪੀ ਰੰਧਾਵਾ, ਸੁਖਵਿੰਦਰ ਮੱਲੀ, ਸੁਖਵਿੰਦਰ ਸਿੰਘ ਸ਼ਿੰਦੀ, ਸਿੰਦਰ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ ਆਦਿ ਹਾਜ਼ਰ ਸਨ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵਫਦ ਦੀ ਡਾਇਰੈਕਟਰ ਨਾਲ ਮੀਟਿੰਗ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਵਫਦ ਵੱਲੋਂ ਸੂਬੇ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਸਮਾਜਿਕ ਸੁਰ

page-6-20-(NOVE)-2023-G-(BV).qxd 11/19/2023 10:26 PM Page 1

ਆਮ ਆਦਮੀ ਕਲੀਨਿਕ ਲੋਕਾਂ ਲਈ ਹੋ ਰਹੇ ਹਨ ਵਰਦਾਨ : ਡਾ. ਰੀਟਾ ਬਾਲਾ

*** ਸਿਵਲ ਸਰਜਨ ਵੱਲੋਂ ਆਮ ਆਦਮੀ ਕਲੀਨਿਕ ਦਾ ਜਾਇਜ਼ਾ**

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਡਾ. ਰੀਟਾ ਬਾਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਨੇ ਆਮ ਆਦਮੀ ਕਲੀਨਿਕ ਜੋਧੂ ਕਲੋਨੀ ਸ਼੍ਰੀ ਮੁਕਤਸਰ ਸਾਹਿਬ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਉਨ੍ਹਾਂ ਘਰਾਂ ਨਜ਼ਦੀਕ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ।

ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਤੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ 20 ਆਮ ਆਦਮੀ ਕਲੀਨਿਕ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਘਰਾਂ ਦੇ ਨੇੜੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 174933 ਮਰੀਜ਼ਾਂ ਨੇ ਚੈੱਕਅਪ ਕਰਵਾ ਕੇ ਮੁਫਤ ਦਵਾਈਆਂ ਪ੍ਰਾਪਤ ਕੀਤੀਆਂ ਹਨ ਤੇ ਹੁਣ ਤੱਕ 75870 ਮਰੀਜ਼ਾਂ ਦੇ ਲੈਬ ਟੈਸਟ ਵੀ ਮੁਫਤ ਕੀਤੇ ਗਏ ਹਨ। ਉਨ੍ਹਾ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ ਲੋਕਾਂ ਨੂੰ 90 ਤਰ੍ਹਾਂ ਦੀਆਂ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ ਤੇ ਮਰੀਜ਼ਾਂ ਦਾ ਆਨਲਾਈਨ ਰਿਕਾਰਡ ਰੱਖਿਆ ਜਾ ਰਿਹਾ ਹੈ। ਇਸ ਨਾਲ ਬੀਮਾਰੀਆਂ ਦੀ ਸਮੇਂ ਸਿਰ ਪਛਾਣ ਹੋਣ ਨਾਲ ਉਨ੍ਹਾਂ ਦਾ ਇਲਾਜ ਸੌਖਾ ਤੇ ਜਲਦੀ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਨ੍ਹਾ ਲੋਕਾਂ ਨੂੰ ਆਮ ਆਦਮੀ ਕਲੀਨਿਕ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ ਤੇ ਦੱਸਿਆ ਕਿ ਆਮ ਆਦਮੀ ਕਲੀਨਿਕ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲੋਕਾਂ ਨੂੰ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੇ ਹਨ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵੱਲੋਂ 26 ਦੀ ਸੰਗਰੂਰ ਰੈਲੀ ਸੰਬੰਧੀ ਮੀਟਿੰਗ

ਮਾਨਸਾ, (ਆਤਮਾ ਸਿੰਘ ਪਮਾਰ)-ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਦੀ ਇੱਕ ਜ਼ਰੂਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਅਨੂਪਗੜ੍ਹ ਦੀ ਪ੍ਰਧਾਨਗੀ ਹੇਠ ਸਥਾਨਕ ਬਾਲ ਭਵਨ ਵਿਖੇ ਹੋਈ। ਮੀਟਿੰਗ ਵਿੱਚ 26 ਨਵੰਬਰ ਦੀ ਸੰਗਰੂਰ ਵਿਖੇ ਹੋਣ ਵਾਲੀ ਸੰਯੁਕਤ ਅਧਿਆਪਕ ਫ਼ਰੰਟ ਦੀ ਸੂਬਾ ਪੱਧਰੀ ਰੈਲੀ ਲਈ ਅਧਿਆਪਕਾਂ ਦੀ ਲਾਮਬੰਦੀ ਲਈ ਯੋਜਨਾਬੰਦੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਪ੍ਰਤੀ ਰਵੱਈਆ ਬਹੁਤ ਹੀ ਨਕਾਰਾਤਮਕ ਹੈ। ਪਿਛਲੇ ਵਰ੍ਹੇ ਸਰਕਾਰ ਨੇ ਪੁਰਾਣੀ ਪੈਨਸ਼ਨ ਦਾ ਆਰਜ਼ੀ ਨੋਟੀਫਿਕੇਸ਼ਨ ਜਾਰੀ ਕਰਕੇ ਮੁਲਾਜ਼ਮਾਂ ਨਾਲ ਕੋਝਾ ਮਜ਼ਾਕ ਕੀਤਾ ਸੀ, ਪ੍ਰੰਤੂ ਸਰਕਾਰ ਵੱਲੋਂ ਅੱਜ ਤੱਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ। ਆਪ ਸਰਕਾਰ ਵੀ ਪੰਜਾਬ ਦੇ ਨਵੇਂ ਰੈਗੂਲਰ ਭਰਤੀ ਮੁਲਾਜ਼ਮਾਂ 'ਤੇ ਕਾਂਗਰਸ ਸਰਕਾਰ ਦੇ ਪੂਰਨਿਆਂ 'ਤੇ ਚੱਲਦੇ ਹੋਏ ਜਬਰੀ ਕੇਂਦਰੀ ਪੇਅ ਸਕੇਲ ਥੋਪ ਰਹੀ ਹੈ ਤੇ 15-01-2015 ਦਾ ਨੋਟੀਫਿਕੇਸ਼ਨ ਮਾਨਯੋਗ ਹਾਈ ਕੋਰਟ ਵੱਲੋਂ ਡਬਲ ਬੈਂਚ 'ਤੇ ਵੀ ਰੱਦ ਕਰ ਦਿੱਤਾ ਗਿਆ ਹੈ ਤੇ ਪ੍ਰੋਬੇਸ਼ਨ ਪੀਰੀਅਡ ਦੌਰਾਨ ਪੂਰੇ ਸਕੇਲਾਂ 'ਤੇ ਤਨਖਾਹ ਦੇਣ ਦਾ ਫੈਸਲਾ ਕਰ ਦਿੱਤਾ ਹੈ ਤੇ ਮੁਲਾਜ਼ਮਾਂ ਦਾ ਬਕਾਇਆ ਤਿੰਨ ਮਹੀਨਿਆਂ ਵਿੱਚ ਅਦਾ ਕਰਨ ਲਈ ਵੀ ਕਿਹਾ ਗਿਆ ਸੀ, ਪਰ ਇਸ ਦੇ ਉਲਟ ਸਰਕਾਰ ਸੁਪਰੀਮ ਕੋਰਟ ਚਲੀ ਗਈ ਹੈ। ਆਨਲਾਈਨ ਬਦਲੀ ਪਾਲਿਸੀ ਵਿੱਚ ਤਰੁੱਟੀਆਂ ਹੋਣ ਕਾਰਨ ਬਹੁਤੇ ਅਧਿਆਪਕ ਆਪਣੇ ਘਰਾਂ ਤੋਂ ਲੰਮੀ ਦੂਰੀ 'ਤੇ ਸੇਵਾਵਾਂ ਨਿਭਾਉਣ ਲਈ ਮਜਬੂਰ ਹਨ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਬੈਹਣੀਵਾਲ ਤੇ ਨਵਜੋਸ਼ ਸਪੋਲੀਆ ਨੇ ਦੱਸਿਆ ਕਿ ਚੋਣ ਵਾਅਦੇ ਮੁਤਾਬਕ ਛੇਵੇਂ ਪੇਅ ਕਮਿਸ਼ਨ ਦੀ ਰਿਪੋਰਟ ਵੀ ਪੂਰਨ ਰੂਪ ਵਿੱਚ ਲਾਗੂ ਨਹੀਂ ਕੀਤੀ ਗਈ ਤੇ ਨਾ ਹੀ ਕੰਪਿਊਟਰ ਅਧਿਆਪਕਾਂ 'ਤੇ ਪੇਅ ਕਮਿਸ਼ਨ ਲਾਗੂ ਕੀਤਾ ਹੈ, ਪੇਂਡੂ ਭੱਤੇ ਸਮੇਤ 36 ਪ੍ਰਕਾਰ ਦੇ ਭੱਤੇ ਵੀ ਕੱਟੇ ਹੋਏ ਹਨ। ਏ.ਸੀ.ਪੀ. ਇੰਕਰੀਮੈਂਟ ਨੂੰ ਵੀ ਬਹਾਲ ਨਹੀਂ ਕੀਤਾ ਗਿਆ, ਨਾ ਹੀ ਡੀ. ਏ. ਦੀ ਕੋਈ ਬਕਾਇਆ ਕਿਸ਼ਤਾਂ ਹੀ ਜਾਰੀ ਕੀਤੀਆਂ ਗਈਆਂ ਹਨ। ਬਲਾਕ ਆਗੂਆਂ ਨਿਧਾਨ ਸਿੰਘ, ਹਰਫੂਲ ਬੋਹਾ, ਸ਼ਿੰਗਾਰਾ ਦਲੋਲਵਾਲਾ, ਤਰਸੇਮ ਬੋੜਾਵਾਲ, ਰਾਜਿੰਦਰਪਾਲ ਜਵਾਹਰਕੇ ਨੇ ਅਧਿਆਪਕਾਂ ਨੂੰ ਵੱਡੀ ਗਿਣਤੀ 'ਚ ਰੈਲੀ ਵਿੱਚ ਸ਼ਾਮਲ ਹੋ ਕੇ ਪੰਜਾਬ ਸਰਕਾਰ ਵਿਰੁੱਧ ਆਪਣਾ ਰੋਹ ਦਰਜ ਕਰਵਾਉਣ ਦਾ ਸੱਦਾ ਦਿੱਤਾ। ਇਸ ਮੌਕੇ ਚਰਨਪਾਲ ਸਿੰਘ, ਅਮ੍ਰਿਤਪਾਲ ਖ਼ੈਰਾ, ਜਸਵਿੰਦਰ ਹਾਕਮਵਾਲਾ, ਜਗਦੇਵ ਬੋੜਾਵਾਲ, ਗੁਰਪ੍ਰੀਤ ਭੀਖੀ, ਕੁਲਦੀਪ ਅੱਕਾਂਵਲੀ, ਗੁਰਦੀਪ ਬਰਨਾਲਾ, ਬਲਕਾਰ ਸਿੰਘ, ਜਸਵਿੰਦਰ ਕਾਮਰੇਡ, ਬਿੰਦਰ ਸਿੰਘ, ਸਿਕੰਦਰ ਸਿੰਘ, ਜੱਗਾ ਆਦਮਕੇ ਆਦਿ ਆਗੂ ਮੌਜੂਦ ਸਨ।

ਡਰੱਗ ਫਰੀ ਮਾਈਗਰੇਨ ਮੈਨੇਜਮੈਂਟ ਡਿਵਾਈਸ ਲਾਂਚ

ਚੰਡੀਗੜ੍ਹ : ਇੱਕ ਗਲੋਬਲ ਫਾਰਮਾਸਿਊਟੀਕਲ ਕੰਪਨੀ ਡਾ. ਰੈੱਡੀਜ਼ ਲੈਬਾਰਟਰੀਜ਼ ਲਿਮਟਿਡ ; ਇਸ ਤੋਂ ਬਾਅਦ 'ਡਾ. ਰੈੱਡੀਜ਼' ਵਜੋਂ ਜਾਣਿਆ ਜਾਂਦਾ ਹੈ, ਨੇ ਭਾਰਤ ਵਿੱਚ ਨੈਰੀਵਿਓ ਦੇ ਰੋਲਆਊਟ ਦਾ ਐਲਾਨ ਕੀਤਾ ਹੈ। ਯੂਨਾਈਟਿਡ ਸਟੇਟਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ ਮਾਈਗਰੇਨ ਦੇ ਡਰੱਗ-ਫਰੀ ਮੈਨੇਜਮੈਂਟ ਲਈ ਪਹਿਨਣਯੋਗ ਥੈਰੇਪੀ ਡਿਵਾਈਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਨੈਰੀਵਿਓ ਇੱਕ ਪ੍ਰਿਸਕ੍ਰਿਪਸ਼ਨ-ਬੇਸਡ ਨਾਨ-ਇਨਵੈਨਸਿਵ ਡਿਵਾਈਸ ਹੈ ਜੋ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਾਲਗਾਂ ਅਤੇ ਕਿਸ਼ੋਰਾਂ ਲਈ ਆਭਾ ਦੇ ਨਾਲ ਜਾਂ ਬਿਨਾਂ ਮਾਈਗਰੇਨ ਦੇ ਤੀਬਰ ਅਤੇ ਪ੍ਰੋਫਾਈਲੈਕਟਿਕ (ਰੋਕਥਾਮ) ਇਲਾਜ ਲਈ ਹੈ। ਨੈਰੀਵਿਓ ਨੂੰ ਉਪਰਲੀ ਬਾਂਹ ਉੱਤੇ ਪਹਿਨਿਆ ਜਾ ਸਕਦਾ ਹੈ। ਬ੍ਰਾਂਡਡ ਮਾਰਕੀਟਸ (ਇੰਡੀਆ ਅਤੇ ਐਮਰਜਿੰਗ ਮਾਰਕੀਟ) ਡਾ. ਰੈੱਡੀਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਐੱਮ. ਵੀ. ਰਮਨਾ ਨੇ ਕਿਹਾ ਕਿ ਨੈਰੀਵਿਓ ਦਾ ਰੋਲ-ਆਊਟ ਡਿਜੀਟਲ ਥੈਰੇਪਿਊਟਿਕਸ ਵਿੱਚ ਸਾਡੇ ਦਾਖਲੇ ਦਾ ਪ੍ਰਤੀਕ ਹੈ।

ਤਰਸਿੱਕਾ ਦੀਆਂ ਮੁੱਖ ਮੰਗਾਂ ਨੂੰ ਈ ਟੀ ਓ ਕਰ ਰਹੇ ਨਜ਼ਰਅੰਦਾਜ਼ : ਬਲਜੀਤ ਸਿੰਘ ਲਾਲੀ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪਿੰਡ ਤਰਸਿੱਕਾ ਦੀ ਇਕੱਤਰਤਾ ਪ੍ਰਧਾਨ ਬਲਜੀਤ ਸਿੰਘ ਲਾਲੀ ਦੀ ਅਗਵਾਈ ਵਿੱਚ ਹੋਈ। ਇਸ ਦੌਰਾਨ ਸਭ ਤੋਂ ਮੁੱਖ ਮੁੱਦਾ ਕੈਬਨਿਟ ਮੰਤਰੀ ਵੱਲੋਂ ਪਿੰਡ ਤਰਸਿੱਕਾ ਅਤੇ ਇਲਾਕੇ ਨਾਲ ਸਬੰਧਿਤ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਰਿਹਾ। ਇਸ ਮੌਕੇ ਪ੍ਰਧਾਨ ਬਲਜੀਤ ਸਿੰਘ ਲਾਲੀ ਨੇ ਬੋਲਦਿਆਂ ਕਿਹਾ ਕਿ ਵਿਧਾਨ ਸਭਾ ਵੋਟਾਂ ਵਿੱਚ ਵੱਡੀ ਲੀਡ ਨਾਲ ਜਿਤਾਉਣ ਵਾਲੇ ਪਿੰਡ ਤਰਸਿੱਕਾ ਅਤੇ ਇਲਾਕੇ ਦੀਆਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਲਿਖਤੀ ਮੰਗ ਪੱਤਰ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ., ਉਨ੍ਹਾਂ ਦੀ ਪਤਨੀ, ਉਨ੍ਹਾਂ ਦੇ ਨਿੱਜੀ ਸਕੱਤਰ ਅਤੇ ਸਥਾਨਕ ਲੀਡਰਾਂ ਨੂੰ ਲਗਾਤਾਰ ਦਿੱਤੇ ਜਾ ਰਹੇ ਹਨ, ਪਰ ਪਿਛਲੇ 20 ਮਹੀਨਿਆਂ ਤੋਂ ਇਨ੍ਹਾਂ ਕੰਮਾਂ ਨੂੰ ਜਿੱਥੇ ਕੈਬਨਿਟ ਮੰਤਰੀ ਈਟੀਓ ਵੱਲੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ, ਉਥੇ ਸਥਾਨਕ ਲੀਡਰ ਵੀ ਇਲਾਕੇ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰ ਕੇ ਰਵਾਇਤੀ ਪਾਰਟੀਆਂ ਵਾਂਗ ਮੰਤਰੀ ਦੀ ਖੁਸ਼ਾਮਦ ਵਿੱਚ ਰੁੱਝੇ ਹੋਏ ਹਨ। ਪ੍ਰਧਾਨ ਲਾਲੀ ਨੇ ਦੱਸਿਆ ਕਿ ਇਹ ਮੰਗਾਂ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਨਹੀਂ ਹਨ ਸਗੋਂ ਸਾਰੇ ਇਲਾਕੇ ਦੀਆਂ ਹਨ ਜਿਨ੍ਹਾਂ ਵਿੱਚ ਤਰਸਿੱਕਾ ਬਿਜਲੀ ਘਰ ਨੂੰ ਸਬ-ਡਵੀਜ਼ਨ ਦਾ ਦਰਜਾ ਦੇਣਾ, ਦਾਣਾ ਮੰਡੀ ਪੱਕੀ ਕਰਨਾ, ਖੁਜਾਲਾ-ਤਰਸਿੱਕਾ ਰੋਡ ਬਣਾਉਣ, ਸਬ-ਤਹਿਸੀਲ ਨੂੰ ਤਹਸੀਲ ਅੱਪਗ੍ਰੇਡ ਕਰਨ ਅਤੇ ਰੋਡਵੇਜ਼ ਬੱਸ ਸੇਵਾ ਚਾਲੂ ਕਰਨ ਵਾਲੀਆਂ ਮੰਗਾਂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਵੱਲੋਂ ਕੋਈ ਠੋਸ ਜਵਾਬ ਨਾ ਆਉਣ ਦੇ ਚਲਦਿਆਂ ਹੁਣ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪਿੰਡ ਤਰਸਿੱਕਾ ਪੂਰੇ ਇਲਾਕੇ ਦੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਕੈਬਨਿਟ ਮੰਤਰੀ ਈਟੀਓ ਦਾ ਇਲਾਕੇ ਵਿੱਚ ਆਉਣ 'ਤੇ ਘਿਰਾਓ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਨੰਬਰਦਾਰ, ਦਿਲਬਾਗ ਸਿੰਘ ਦੋਧੀ, ਸਵਿੰਦਰ ਸਿੰਘ, ਜਸਵਿੰਦਰ ਸਿੰਘ, ਸੁਖਜੀਤ ਸਿੰਘ, ਸਿਮਰਨਜੀਤ ਸਿੰਘ ਸ਼ਾਮਿਲ ਸਨ।

ਨਸ਼ਿਆਂ ਖਿਲਾਫ਼ ਡਟਣ ਸੰਬੰਧੀ ਸੱਭਿਆਚਾਰਕ ਸਮਾਗਮ ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਇਤਿਹਾਸਕ ਖ਼ਾਲਸਾ ਕਾਲਜ ਦੇ ਯੁਵਕ ਭਲਾਈ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਭਾਗ ਨਾਲ ਮਿਲ ਕੇ ਪੁਲਸ ਕਮਿਸ਼ਨਰੇਟ, ਅੰਮ੍ਰਿਤਸਰ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਲੜਾਈ 'ਚ ਸ਼ਾਮਿਲ ਹੋਣ ਲਈ ਲਾਮਬੰਦ ਕਰਨ ਦੇ ਮੰਤਵ ਨਾਲ ਬੀਤੇ ਦਿਨੀਂ ਸੱਭਿਆਚਾਰਕ ਸਮਾਗਮ ਕਰਵਾਇਆ ਜਿਸ ਦੀ ਪ੍ਰਧਾਨਗੀ ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਕੀਤੀ ਜਿਨ੍ਹਾਂ ਦਾ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਵੱਲੋਂ ਸਵਾਗਤ ਕੀਤਾ ਗਿਆ। ਇਸ ਸਬੰਧੀ ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਪੁਲਸ ਕਮਿਸ਼ਨਰੇਟ, ਅੰਮ੍ਰਿਤਸਰ 'ਚ ਨਸ਼ਿਆਂ ਵਿਰੁੱਧ ਲੜਾਈ 'ਚ ਸ਼ਾਮਿਲ ਹੋਣ ਵਾਲੇ ਵਿਦਿਆਰਥੀਆਂ ਦੇ ਉਤਸ਼ਾਹ ਨਾਲ ਉੱਥੋਂ ਦਾ ਦ੍ਰਿਸ਼ ਬਹੁਤ ਹੀ ਪ੍ਰੇਰਨਾਦਾਇਕ ਸੀ, ਜੋ ਕਿ ਜੀਵੰਤ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਾਫ ਤੌਰ 'ਤੇ ਸਪੱਸ਼ਟ ਸੀ। ਉਨ੍ਹਾਂ ਕਿਹਾ ਕਿ ਸਮਾਗਮ ਦੇ ਥਾਂ ਦੀ ਸ਼ਾਨਦਾਰ ਸਜਾਵਟ ਅਤੇ ਪੰਜਾਬੀ ਮੁਟਿਆਰਾਂ ਅਤੇ ਮੁੰਡਿਆਂ ਵੱਲੋਂ ਭੰਗੜੇ ਦੀਆਂ ਜਾਨਦਾਰ ਥਾਪਾਂ ਅਤੇ ਗਿੱਧੇ ਦੇ ਸ਼ਾਨਦਾਰ ਪੇਸ਼ਕਾਰੀਆਂ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਰੌਚਕ ਪ੍ਰਦਰਸ਼ਨ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਨਸ਼ਿਆਂ ਨੂੰ ਆਪਣੇ ਸੱਭਿਆਚਾਰ ਵਿੱਚੋਂ ਕੱਢਣ ਲਈ ਪੂਰੀ ਤਰ੍ਹਾਂ ਤਿਆਰ ਹੈ। ਨਸ਼ੇ ਦੀ ਅਲਾਮਤ ਨਾਲ ਲੜਨ ਲਈ ਇਕ ਪੰਜਾਬੀ ਤੋਂ ਲਾਇਕ ਕੋਈ ਹੋਰ ਨਹੀਂ ਹੋ ਸਕਦਾ। ਪੰਜਾਬੀ ਬਹੁਤ ਲਾਇਕ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਦੀ ਕਾਬਲੀਅਤ ਇਤਿਹਾਸ 'ਚ ਸਭ ਤੋਂ ਅਨੋਖੀ ਹੈ ਅਤੇ ਜੇਕਰ ਕੋਈ ਅੰਮ੍ਰਿਤਸਰੀ ਹੈ ਤਾਂ ਊਰਜਾ ਅਤੇ ਪ੍ਰਤਿਭਾ ਮੂਲ ਰੂਪ 'ਚ ਸਾਡੇ ਕੋਲ ਆਉਂਦੀ ਹੈ ਜਿਵੇਂ ਕਿ ਇਸ ਸ਼ਹਿਰ ਨਾਲ ਸਬੰਧਿਤ ਬਹੁਤ ਸਾਰੀ ਹਸਤੀਆਂ ਨੇ ਵਾਰ-ਵਾਰ ਸਾਬਤ ਕੀਤਾ ਹੈ। ਇਸ ਮੌਕੇ ਨੌਨਿਹਾਲ ਸਿੰਘ ਨੇ ਕਾਲਜ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਓ ਆਪਾਂ ਹੱਥ ਮਿਲਾਈਏ ਅਤੇ ਆਪਣੇ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟੀਏ। ਇਸ ਮੌਕੇ ਕਾਲਜ ਦੇ ਮੈਨੇਜਮੈਂਟ, ਫੈਕਲਟੀ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋ. ਬਲਾਕ ਫਰੀਦਕੋਟ ਦੀ ਮੀਟਿੰਗ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਰੈਸਟ ਹਾਊਸ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਡਾ. ਅੰਮ੍ਰਿਤ ਪਾਲ ਸਿੰਘ ਟਹਿਣਾ ਨੇ ਕੀਤੀ। ਮੀਟਿੰਗ ਦੇ ਸ਼ੁਰੂ ਵਿੱਚ ਡਾ. ਸੇਵਕ ਸਿੰਘ ਪੱਖੀ ਦੇ ਮਾਤਾ ਜੀ ਦੀ ਹੋਈ ਮੌਤ 'ਤੇ ਅਫਸੋਸ ਪ੍ਰਗਟ ਕਰਦੇ ਹੋਏ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਲਈ ਮੌਨ ਰੱਖ ਕੇ ਵਾਹਿਗੁਰੂ ਦਾ ਜਾਪ ਕੀਤਾ। ਉਪਰੰਤ ਬਲਾਕ ਪ੍ਰਧਾਨ ਡਾ. ਅਮ੍ਰਿਤਪਾਲ ਸਿੰਘ ਟਹਿਣਾ ਨੇ ਆਏ ਹੋਏ ਡਾਕਟਰ ਸਾਥੀਆਂ ਨੂੰ ਜੀ ਆਇਆਂ ਕਿਹਾ ਤੇ ਡਾ. ਰਸ਼ਪਾਲ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਨੇ ਬਲਾਕ ਦੀ ਇਕੱਤਰਤਾ ਨੂੰ ਬਣਾਏ ਰੱਖਣ ਤੇ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਡਾਕਟਰ ਸਾਥੀਆਂ ਨੂੰ ਅਪੀਲ ਕੀਤੀ। ਬਲਾਕ ਚੇਅਰਮੈਨ ਡਾ. ਜੀਤ ਸਿੰਘ ਪੱਖੀ, ਜ਼ਿਲ੍ਹਾ ਕੈਸ਼ੀਅਰ ਡਾ. ਹਰਮਿੰਦਰ ਵੋਹਰਾ, ਜ਼ਿਲ੍ਹਾ ਡੈਲੀਗੇਟ ਡਾ. ਨਰੇਸ਼ ਭਾਣਾ, ਡਾ. ਜਗਮੋਲ ਸਿੰਘ, ਡਾ. ਹਰਭਜਨ ਸਿੰਘ ਮੰਡ, ਡਾ. ਮਨਜੀਤ ਸਿੰਘ, ਡਾਕਟਰ ਬਲਦੇਵ ਸਿੰਘ, ਡਾ. ਰਜਿੰਦਰ ਅਰੋੜਾ, ਡਾ. ਧਰਮ ਪਰਵਾਨਾ, ਡਾ. ਪਲਵਿੰਦਰ ਕੰਧਾਰੀ, ਡਾ. ਬੂ

20-NOV-PAGE-7.qxd 11/19/2023 9:40 PM Page 1

ਪਰਾਲੀ ਸਾੜਨ ਤੋਂ ਰੋਕਣ ਆਈ ਟੀਮ ਨੂੰ ਕਿਸਾਨਾਂ ਨੇ ਘੇਰਿਆ

■ ਏ ਡੀ ਸੀ ਤੇ ਐੱਸ ਡੀ ਐੱਮ ਦੇ ਦਖਲ ਮਗਰੋਂ ਛੱਡਿਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਉੱਤੇ ਕਾਰਵਾਈ ਕਰਨ ਆਈ ਪ੍ਰਦੂਸ਼ਣ ਕੰਟਰੋਲ ਵਿਭਾਗ ਤੇ ਖੇਤੀਬਾੜੀ ਵਿਭਾਗ ਦੀ ਸਾਂਝੀ ਟੀਮ ਦੇ ਮੈਂਬਰਾਂ ਨੂੰ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਘੱਗਾ ਵਿਖੇ ਖੇਤਾਂ ਵਿੱਚ ਇਕੱਤਰ ਕਿਸਾਨਾਂ ਨੇ ਉਸ ਵਕਤ ਘੇਰ ਲਿਆ, ਜਦੋਂ ਉਹ ਅੱਗ ਲਗਾਉਣ ਵਾਲੇ ਕਿਸਾਨਾਂ ਕੋਲ ਸਿੱਧੇ ਖੇਤਾਂ ਵਿੱਚ ਪਹੁੰਚ ਗਏ। ਟੀਮ ਦੇ ਆਉਣ ਦਾ ਪਤਾ ਲੱਗਦਿਆਂ ਹੀ ਆਸ-ਪਾਸ ਦੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਅਗਵਾਈ ਵਿੱਚ ਪਹੁੰਚ ਕੇ ਟੀਮ ਦੇ ਮੈਂਬਰਾਂ ਦਾ ਘਿਰਾਓ ਕਰਕੇ ਬਿਠਾ ਲਿਆ। ਇਸ ਸਬੰਧੀ ਪਤਾ ਲੱਗਦਿਆਂ ਹੀ ਪ੍ਰਸ਼ਾਸਨ ਪੂਰੀ ਹਰਕਤ ਵਿੱਚ ਆ ਗਿਆ ਤੇ ਕਰੀਬ ਇੱਕ ਘੰਟੇ ਬਾਅਦ ਘੇਰੇ ਹੋਏ ਟੀਮ ਦੇ ਮੈਂਬਰਾਂ ਨੂੰ ਏ ਡੀ ਸੀ ਪਟਿਆਲਾ ਤੇ ਐੱਸ ਡੀ ਐੱਮ ਪਾਤੜਾਂ ਦੇ ਦਖਲ ਮਗਰੋਂ ਛੱਡਿਆ ਗਿਆ। ਜਾਣਕਾਰੀ ਅਨੁਸਾਰ ਪਿੰਡ ਘੱਗਾ ਦੇ ਖੇਤਾਂ ਵਿੱਚ ਕਣਕ ਦੀ ਬਜਾਈ ਵਾਸਤੇ ਖੇਤਾਂ ਨੂੰ ਵਿਹਲਾ ਕਰਨ ਲਈ ਕਿਸਾਨਾਂ ਵੱਲੋਂ ਅੱਗ ਲਗਾਈ ਹੋਈ ਸੀ, ਜਿਸ ਦਾ ਪਤਾ ਲੱਗਦਿਆਂ ਹੀ ਖੇਤੀਬਾੜੀ ਤੇ ਪ੍ਰਦੂਸ਼ਣ ਕੰਟਰੋਲ ਵਿਭਾਗ ਦੀ ਸਾਂਝੀ ਟੀਮ ਰਾਕੇਸ਼ ਕੁਮਾਰ ਤੇ ਪ੍ਰਭਦੀਪ ਸਿੰਘ ਦੀ ਅਗਵਾਈ ਵਿੱਚ ਪੁੱਜੀ, ਜਿਸ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਇਕਾਈ ਪ੍ਰਧਾਨ ਹਰਪਾਲ ਸਿੰਘ, ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋਏ ਕਿਸਾਨਾਂ ਨੇ ਘੇਰ ਲਿਆ। ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਮਜਬੂਰੀ ਵੱਸ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਖੇਤਾਂ ਨੂੰ ਵਿਹਲੇ ਕੀਤਾ ਜਾ ਰਿਹਾ ਹੈ, ਅਜਿਹਾ ਕਰਨ ਵਾਲੇ ਕਿਸਾਨਾਂ ਨੂੰ ਪ੍ਰਦੂਸ਼ਣ ਦੇ ਨਾਂ 'ਤੇ ਰਾਜ ਤੇ ਕੇਂਦਰ ਸਰਕਾਰ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਕੱਠੇ ਹੋਏ ਕਿਸਾਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਪਰਾਲੀ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਪਰਾਲੀ ਦੇ ਹੱਲ ਲਈ ਲੋੜੀਂਦੀ ਮਸ਼ੀਨਰੀ ਉਪਲੱਧ ਕਰਵਾਏ ਜਾਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣਾ ਉਨ੍ਹਾਂ ਦਾ ਸ਼ੌਕ ਨਹੀਂ, ਸਗੋਂ ਮਜਬੂਰੀ ਹੈ ਤੇ ਇਸ ਨੂੰ ਉਹ ਭਲੀਭਾਂਤ ਜਾਣਦੇ ਹਨ। ਦੂਜੇ ਪਾਸੇ ਅਧਿਕਾਰੀਆਂ ਨੇ ਦੱਸਿਆ ਕਿ ਉਹ ਮਹਿਜ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਪਹੁੰਚੇ ਸਨ ਤੇ ਕਿਸੇ ਵੀ ਕਿਸਾਨ ਉੱਤੇ ਕੋਈ ਕੇਸ ਦਰਜ ਨਹੀਂ ਕਰਵਾਇਆ ਗਿਆ। ਕਿਸਾਨਾਂ ਵੱਲੋਂ ਕੀਤੇ ਗਏ ਘਰਾਓ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਦੱਸੀਆਂ ਗਈਆਂ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ, ਬਲਜੀਤ ਸਿੰਘ, ਭੂਰੀ ਸਿੰਘ, ਤਾਰਾ ਸਿੰਘ, ਪ੍ਰੀਤਮ ਸਿੰਘ, ਲਖਵੀਰ ਸਿੰਘ, ਸੁਰਜੀਤ ਸਿੰਘ ਤੇ ਦਲਬੀਰ ਸਿੰਘ ਆਦਿ ਹਾਜ਼ਰ ਸਨ।

ਖੇਡਾਂ ਬਿਨਾਂ ਵਿਦਿਆਰਥੀ ਜੀਵਨ ਨੀਰਸ ਤੇ ਅਧੂਰਾ : ਮਿੱਤਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)- ਅਗਰਵਾਲ ਧਰਮਸ਼ਾਲਾ ਦੇ ਪ੍ਰਧਾਨ ਮਦਨ ਮਿੱਤਲ ਆਪਣੀ ਟੀਮ ਸਮੇਤ ਪਬਲਿਕ ਕਾਲਜ ਸਮਾਣਾ ਵਿਖੇ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਖੋ-ਖੋ-14 ਸਾਲ, ਲੜਕੇ-ਲੜਕੀਆਂ ਦੇ ਰਾਜ ਪੱਧਰੀ ਮੁਕਾਬਲਿਆਂ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਉਨ੍ਹਾਂ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਖੇਡਾਂ ਨਾਲ ਜਿੱਥੇ ਸਰੀਰ ਤੰਦਰੁਸਤ ਹੁੰਦਾ ਹੈ, ਉਥੇ ਹੀ ਨਸ਼ਿਆਂ ਤੇ ਹੋਰ ਬੁਰਾਈਆਂ ਤੋਂ ਵੀ ਸਾਡੇ ਨੌਜਵਾਨ ਦੂਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਨਿੱਖੜਵਾਂ ਅੰਗ ਹਨ ਤੇ ਖੇਡਾਂ ਬਿਨਾਂ ਵਿਦਿਆਰਥੀ ਜੀਵਨ ਨੀਰਸ ਤੇ ਅਧੂਰਾ ਹੈ। ਉਨ੍ਹਾਂ ਖੇਡ ਵਿਭਾਗ ਨੂੰ ਸਮਾਣਾ ਵਿਖੇ ਰਾਜ ਪੱਧਰੀ ਖੇਡ ਮੁਕਾਬਲੇ ਕਰਵਾਉਣ ਲਈ ਵਧਾਈ ਵੀ ਦਿੱਤੀ ਅਤੇ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਨੌਜਵਾਨਾਂ ਅੰਦਰ ਖੇਡਾਂ ਦੀ ਛੁਪੀ ਪ੍ਰਤਿਭਾ ਨੂੰ ਪਛਾਨਣ ਲਈ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਖੇਡਾਂ ਤੇ ਖਿਡਾਰੀਆਂ ਨੂੰ ਸਰਪ੍ਰਸਤੀ ਦਿੱਤੀ ਹੈ। ਇਸ ਮੌਕੇ ਰਮਨ ਗੁਪਤਾ, ਨੀਰਜ ਬਾਂਸਲ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਦਲਜੀਤ ਸਿੰਘ, ਪ੍ਰਿੰਸੀਪਲ ਹਰਜੋਤ ਕੌਰ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਸੁਖਵੰਤ ਸਿੰਘ ਸਟੇਟ ਐਵਾਰਡੀ, ਹਰਪ੍ਰੀਤ ਸਿੰਘ ਡੀ ਪੀ, ਨਰਿੰਦਰ ਸਿੰਘ ਡੀ ਪੀ, ਅਮਨਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਆਦਿ ਮੌਜੂਦ ਰਹੇ।

ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਨੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

ਸਾਲ ਭਰ ਤੋਂ ਪੁਰਾਣੀ ਪੈਨਸ਼ਨ ਬਹਾਲੀ ਨੂੰ ਬੇਸਬਰੀ ਨਾਲ ਉਡੀਕ ਰਹੇ ਨੇ ਮੁਲਾਜ਼ਮ : ਅਲੀਸ਼ੇਰ

ਮਾਨਸਾ (ਆਤਮਾ ਸਿੰਘ ਪਮਾਰ)

ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਪ੍ਰਬੰਧਕੀ ਕੰਪਲੈਕਸ ਅੱਗੇ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੇ ਪੁਰਾਣੀ ਪੈਨਸ਼ਨ ਸਬੰਧੀ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਨੇ ਕਿਹਾ ਕਿ ਪਿਛਲੇ ਸਾਲ 18 ਨਵੰਬਰ ਨੂੰ ਜਾਰੀ ਕੀਤਾ ਪੈਨਸ਼ਨ ਸਬੰਧੀ ਨੋਟੀਫਿਕੇਸ਼ਨ ਇੱਕ ਸਾਲ ਬੀਤ ਜਾਣ 'ਤੇ ਵੀ ਲਾਗੂ ਨਹੀਂ ਹੋਇਆ, ਜਿਸ ਦੀ ਮੁਲਾਜ਼ਮ ਪਿਛਲੇ ਇੱਕ ਸਾਲ ਤੋਂ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਇਸ ਮੌਕੇ ਬੋਲਦਿਆਂ ਲਖਵਿੰਦਰ ਮਾਨ, ਨਿਤਿਨ ਸੋਢੀ, ਬਲਵਿੰਦਰ ਸ਼ਰਮਾ ਨੇ ਕਿਹਾ ਕਿ ਮਾਨ ਸਰਕਾਰ ਪੈਨਸ਼ਨ ਦੇ ਮੁੱਦੇ 'ਤੇ ਗੰਭੀਰ ਨਹੀਂ ਜਾਪਦੀ। ਇਸ ਮੌਕੇ ਪ੍ਰੈੱਸ ਸਕੱਤਰ ਸੁਖਦੀਪ ਗਿੱਲ, ਗੁਰਜੀਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਨਾਲ ਕੀਤਾ ਵਾਅਦਾ ਪੂਰਾ ਕਰੇ। ਆਗੂਆਂ ਅਮੋਲਕ ਡੇਲੂਆਣਾ, ਸਹਿਦੇਵ ਤੇ ਇਕਬਾਲ ਉੱਭਾ ਨੇ ਕਿਹਾ ਮੌਜੂਦਾ ਸਰਕਾਰ ਸਿਰਫ ਵੋਟ ਲੈਣ ਲਈ ਇਸ ਮੁੱਦੇ ਦੀ ਵਰਤੋਂ ਕਰ ਰਹੀ ਹੈ, ਪਰ ਹਕੀਕਤ ਵਿੱਚ ਕੁਝ ਹੋਇਆ ਹੀ ਨਹੀਂ। ਆਗੂਆਂ ਨੇ ਕਿਹਾ ਕਿ ਸਿਰਫ ਪੈਨਸ਼ਨ ਦਾ ਮੁੱਦਾ ਹੀ ਨਹੀਂ, ਮੁਲਾਜ਼ਮਾਂ ਦੇ ਅਨੇਕਾਂ ਮਸਲੇ ਪੈਂਡਿੰਗ ਹਨ, ਜਿਨ੍ਹਾਂ ਨੂੰ ਸਰਕਾਰ ਲਗਾਤਾਰ ਅਣਗੌਲਿਆ ਕਰਦੀ ਆ ਰਹੀ ਹੈ। ਚੋਣਾਂ ਤੋਂ ਪਹਿਲਾਂ ਇਸ ਸਰਕਾਰ ਦੇ ਮੰਤਰੀ ਮੁਲਾਜ਼ਮਾਂ ਦੀਆਂ ਭਾਵਨਾਵਾਂ ਨੂੰ ਕੈਸ਼ ਕਰਨ ਲਈ ਖੁਦ ਧਰਨਿਆਂ 'ਤੇ ਆ ਕੇ ਬੈਠਦੇ ਸਨ, ਪਰ ਹੁਣ ਉਹ ਆਮ ਆਦਮੀ ਤੋਂ ਖਾਸ ਆਦਮੀ ਬਣ ਚੁੱਕੇ ਹਨ। ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੈਨਸ਼ਨ ਸਬੰਧੀ ਮਸਲੇ ਨੂੰ ਸਰਕਾਰ ਨੇ ਗੰਭੀਰਤਾ ਨਾਲ ਨਾ ਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ। ਇਸ ਮੌਕੇ ਗੁਰਜੰਟ ਸਿੰਘ, ਜਸਵੰਤ ਕੌਰ, ਰਵਿੰਦਰ ਕੋਹਲੀ, ਹਰਜੀਤ ਕੌਰ, ਸਤੀਸ਼ ਕੁਮਾਰ, ਸੁਖਵਿੰਦਰ ਮਾਖਾ, ਲੱਖਾ ਸਿੰਘ, ਮੁਕੇਸ਼ ਕੁਮਾਰ, ਲਖਵਿੰਦਰ ਸਿੰਘ, ਅੰਗਰੇਜ਼ ਸਿੰਘ, ਬਲਵਿੰਦਰ ਸਿੰਘ, ਡੀਪੀਈ ਲਖਵਿੰਦਰ ਝੇਰਿਆਂਵਾਲੀ, ਅਮਰੀਕ ਸਿੰਘ, ਗੁਰਦੀਪ ਬਰਨਾਲਾ, ਦਵਿੰਦਰ ਸ਼ਰਮਾ, ਰਣਜੀਤ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ ਲੱਲੂਆਣਾ, ਰਾਜੇਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਨੈਸ਼ਨਲ ਕਾਲਜ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ

ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ ਏ ਬੀ ਐੱਡ ਸਮੈਸਟਰ ਪੰਜਵਾਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਕਾਲਜ ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਨਜੀਤ ਕੌਰ ਨੇ 77 ਫੀਸਦੀ ਅੰਕਾਂ ਨਾਲ ਪਹਿਲਾ, ਜਸਕੀਰਤ ਕੌਰ ਤੇ ਪ੍ਰਭਜੋਤ ਕੌਰ ਨੇ ਸਾਂਝੇ ਤੌਰ 'ਤੇ 75 ਫੀਸਦੀ ਅੰਕਾਂ ਨਾਲ ਦੂਜਾ ਅਤੇ ਜਸਪ੍ਰੀਤ ਕੌਰ ਨੇ 74 ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਨੇ ਸਮੂਹ ਵਿਦਿਆਰਥੀਆਂ ਨੂੰ ਚੰਗੇ ਅੰਕਾਂ ਨਾਲ ਪਾਸ ਹੋਣ ਦੀ ਵਧਾਈ ਦਿੱਤੀ। ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਅੱਗੇ ਹੋਰ ਵੀ ਨਤੀਜਿਆਂ ਨਾਲ ਆਪਣੇ ਕਾਲਜ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ, ਪ੍ਰੋ. ਸ਼ੰਟੀ ਕੁਮਾਰ, ਪ੍ਰੋ. ਬਿਕਰਮਜੀਤ ਕੌਰ, ਪ੍ਰੋ. ਸੁਰਿੰਦਰਜੀਤ ਕੌਰ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਕੌਮੀ ਲੋਕ ਅਦਾਲਤ 9 ਨੂੰ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਿਹਗੜ੍ਹ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਤਹਿਤ 9 ਦਸੰਬਰ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀਆਂ ਅਦਾਲਤਾਂ ਤੇ ਸਬ-ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਾਰੇ ਪ੍ਰਕਾਰ ਦੇ ਰਾਜ਼ੀਨਾਮੇ ਯੋਗ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ ਤੇ ਦੋਵੇਂ ਪਾਰਟੀਆਂ ਦੇ ਆਪਸੀ ਸਹਿਮਤੀ ਨਾਲ ਕੇਸ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਲੋਹਗੜ੍ਹ ਵਿਖੇ 27 ਨੂੰ ਦਮੇ ਦੇ ਮਰੀਜ਼ਾਂ ਨੂੰ ਮੁਫਤ ਦਵਾਈ ਖਵਾਈ ਜਾਵੇਗੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਗੁਰਦੁਆਰਾ ਹਵੇਲੀ ਸਾਹਿਬ ਪਿੰਡ ਲੋਹਗੜ੍ਹ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 25 ਤੋਂ 27 ਨਵੰਬਰ ਤੱਕ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕ ਮਹੰਤ ਨਛੱਤਰ ਸਿੰਘ ਲੋਹਗੜ੍ਹ ਨੇ ਦੱਸਿਆ ਕਿ ਗੁਰਪੁਰਬ ਨੂੰ ਸਮਰਪਤ 25 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ ਭੋਗ 27 ਨਵੰਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਇਸ ਉਪਰੰਤ ਰਾਗੀ, ਢਾਡੀ, ਕਥਾਵਾਚਕ ਗੁਰਇਤਿਹਾਸ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਅਨੁਸਾਰ ਇਸ ਮੌਕੇ ਹਰ ਸਾਲ ਦੀ ਤਰ੍ਹਾਂ ਸਾਹ ਦਮੇ ਦੇ ਮਰੀਜ਼ਾਂ ਨੂੰ ਮੁਫਤ ਦੇਸੀ ਦਵਾਈ ਪੂਰਨਮਾਸ਼ੀ ਵਾਲੇ ਦਿਨ 27 ਨਵੰਬਰ ਨੂੰ ਸਵੇਰੇ 4 ਵਜੇ ਖੀਰ 'ਚ ਖਵਾਈ ਜਾਵੇਗੀ। ਉਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਕਾਸ਼ੀ ਦੇ ਬਰਤਨ ਨਾਲ ਲੈ ਕੇ 26 ਨਵੰਬਰ ਸ਼ਾਮ ਤੱਕ ਗੁਰਦੁਆਰਾ ਹਵੇਲੀ ਸਾਹਿਬ ਪਿੰਡ ਲੋਹਗੜ੍ਹ (ਬਰਨਾਲਾ) ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

ਅੱਖਾਂ ਦਾ ਮੁਫਤ ਚੈੱਕਅੱਪ ਤੇ ਆਪ੍ਰੇਸ਼ਨ ਕੈਂਪ 25 ਨੂੰ

ਧੂਰੀ (ਸੁਖਦੇਵ ਧੂਰੀ)-ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਨੇਤਰ ਬੈਂਕ ਸੰਮਤੀ (ਰਜਿ:) ਤੇ ਨਿਸ਼ਕਾਮ ਸੇਵਾ ਸਭਾ (ਰਜਿ:) ਧੂਰੀ ਵੱਲੋਂ ਅੱਖਾਂ ਦਾ 36ਵਾਂ ਵਿਸ਼ਾਲ ਮੁਫਤ ਚੈੱਕਅਪ ਤੇ ਫੋਕੋ ਵਿਧੀ ਰਾਹੀਂ ਲੈਂਜ ਪਾਉਣ ਦਾ ਕੈਂਪ 25 ਨਵੰਬਰ ਨੂੰ ਸਥਾਨਕ ਮੰਗਲਾ ਆਸ਼ਰਮ (ਗਊਸ਼ਾਲਾ) ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ ਇੱਕ ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾ. ਮਨਪ੍ਰੀਤ ਸਿੰਘ, ਡਾ. ਰਮੇਸ਼ ਸ਼ਰਮਾ, ਡਾ ਰਾਹੁਲ ਸ਼ਰਮਾ ਤੇ ਡਾ. ਸਾਈਦੀਪ ਢੰਡ ਅਪਣੀ ਟੀਮ ਸਮੇਤ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਨਗੇ ਅਤੇ ਫੋਕੋ ਵਿਧੀ ਰਾਹੀਂ ਸ਼ਰਮਾ ਅੱਖਾਂ ਦੇ ਹਸਪਤਾਲ ਧੂਰੀ ਵਿਖੇ ਲੈਂਜ ਪਾਉਣਗੇ। ਮਹਾਸ਼ਾ ਪ੍ਰਤਿੱਗਿਆ ਪਾਲ ਚੇਅਰਮੈਨ ਨੇਤਰ ਬੈਂਕ ਸੰਮਤੀ ਦੀ ਪ੍ਰੇਰਣਾ ਨਾਲ ਲੱਗਣ ਵਾਲੇ ਇਸ ਕੈਂਪ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੰਮਤੀ ਦੇ ਪ੍ਰਧਾਨ ਡਾ. ਰਮੇਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕੈਂਪ ਦੀ ਸਫਲਤਾ ਲਈ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸਤੀਸ਼ ਚੰਦਰ ਅਰੋੜਾ, ਪ੍ਰਵੀਨ ਕੁਮਾਰ, ਭਾਰਤ ਭੂਸ਼ਨ, ਅਸ਼ੋਕ ਰੈਣਾ, ਤਰਸੇਮ ਮਿੱਤਲ, ਚਮਨ ਲਾਲ ਜਿੰਦਲ, ਨਰੇਸ਼ ਬਾਂਸਲ, ਮਨਜੀਤ ਸਿੰਘ ਬਖਸ਼ੀ

20-Nov-PAGE-8.qxd 11/19/2023 9:50 PM Page 1

ਐੱਨ ਪੀ ਐੱਸ ਮੁਲਾਜ਼ਮਾਂ ਨੇ ਸਰਕਾਰ ਦੀ ਫੂਕੀ ਅਰਥੀ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)-ਸੂਬਾ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਦੀ ਬਹਾਲੀ ਨੂੰ ਲੈ ਕੇ ਕੀਤੇ ਐਲਾਨ ਦੇ ਇੱਕ ਸਾਲ ਬੀਤ ਜਾਣ ਤੋ ਬਾਦ ਵੀ ਐਸ ਓ ਪੀ ਜਾਰੀ ਨਾ ਕਰਨ ਦੇ ਰੋਸ ਵਜੋ ਬਲਾਕ ਚਮਕੌਰ ਸਾਹਿਬ ਵਿਖੇ ਤਹਿਸੀਲ ਦਫਤਰ ਦੇ ਸਾਹਮਣੇ ਜ਼ਿਲ੍ਹਾ ਕਨਵੀਨਰ ਗੁਰਿੰਦਰਪਾਲ ਸਿੰਘ ਖੇੜੀ ਅਤੇ ਅਧਿਆਪਕ ਆਗੂ ਗੁਰਪ੍ਰੀਤ ਸਿੰਘ ਕੈਬੋ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜਾਹਰਾ ਕੀਤਾ ਗਿਆ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਗੁਰਿੰਦਰਪਾਲ ਸਿੰਘ ਖੇੜੀ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਪਿਛਲੇ 12 ਸਾਲਾਂ ਤੋਂ ਇੱਕੋ- ਇੱਕ ਮੰਗ ਨੂੰ ਲੈ ਕੇ ਲਾਗਾਤਾਰ ਸੰਘਰਸ਼ ਕਰ ਰਹੀ। ਪੰਜਾਬ ਵਿੱਚ ਸੰਨ 2004 ਤੋਂ ਬਾਅਦ ਭਰਤੀ ਹੋਣ ਵਾਲੇ ਕਰਮਚਾਰੀਆਂ ਦੀ ਪੁਰਾਣੀ ਪੈਨਸ਼ਨ ਵਿਵਸਥਾ ਖਤਮ ਕਰਕੇ ਸ਼ੇਅਰ ਮਾਰਕੇਟ ਤੇ ਨਿਰਭਰ ਐਨ ਪੀ ਐਸ ਸਕੀਮ ਮੜ੍ਹ ਦਿੱਤੀ ਗਈ ਸੀ। ਪੁਰਾਣੀ ਪੈਂਨਸ਼ਨ ਦੇ ਖਤਮ ਹੁੰਦਿਆਂ ਹੀ ਇਸ ਨਾਲ ਜੁੜੇ ਹੋਰ ਵਿੱਤੀ ਲਾਭ ਵੀ ਖਤਮ ਕਰ ਦਿੱਤੇ ਗਏ ਸਨ। ਲਗਾਤਾਰ ਸੰਘਰਸ਼ ਕਰਦਿਆਂ ਅਤੇ ਐਨ ਪੀ ਐਸ ਮੁਲਾਜਮਾਂ ਵੱਲੋਂ ਮਿਲ ਰਹੇ ਡਟਵੇਂ ਸਹਿਯੋਗ ਸਦਕਾ ਫੈਮਲੀ ਪੈਂਨਸਨ, ਐਕਸ ਗ੍ਰੇਸ਼ੀਆ. ਅਤੇ ਐਨ ਪੀ ਐਸ ਕਟੌਤੀ ਵਿੱਚ ਸਰਕਾਰ ਦਾ ਸ਼ੇਅਰ 10 ਤੋਂ 14 ਪ੍ਰਤੀਸ਼ਤ ਕਰਵਾਉਣ ਸਬੰਧੀ ਪ੍ਰਾਪਤੀਆਂ ਵੀ ਹੋਈਆਂ। ਪਰ ਮੁੱਖ ਮੰਗ ਸਬੰਧੀ ਸਰਕਾਰਾਂ ਲਾਰੇ ਤਾਂ ਲਾਉਦੀਆਂ ਰਹੀਆਂ ਪਰ ਅਮਲੀ ਜਾਮਾ ਕਿਸੇ ਵੀ ਸਰਕਾਰ ਨੇ ਨਹੀਂ ਪਾਇਆ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ ਇਸ ਨੋਟੀਫਿਕੇਸ਼ਨ ਨੂੰ ਜਾਰੀ ਹੋਇਆਂ ਸਾਲ ਪੂਰਾ ਹੋਣ ਜਾ ਰਿਹਾ ਹੈ ਪਰ ਅਜੇ ਤੱਕ ਪੰਜਾਬ ਦੀ ਆਪ ਸਰਕਾਰ ਇਸਨੂੰ ਲਾਗੂ ਨਹੀਂ ਕਰ ਸਕੀ। ਪੰਜਾਬ ਦੇ ਐਨ ਪੀ ਐਸ ਮੁਲਾਜਮ ਭਾਰੀ ਗੁੱਸੇ ਅਤੇ ਨਿਰਾਸ਼ਾ ਵਿੱਚ ਹਨ। ਇਸ ਮੌਕੇ ਗੁਰਪ੍ਰੀਤ ਸਿੰਘ ਕੈਬੋ,ਇੰਦਰਜੀਤ ਸਿੰਘ ਨਾਭਰ,ਹਰਭਜਨ ਸਿੰਘ ਗੱਗੋ,ਰਾਜਿੰਦਰ ਸਿੰਘ ਬੈਸ,ਕੁਲਵਿੰਦਰ ਸਿੰਘ ਮਾਨਸਾ,ਵਿਕਰਮ੍ ਰਾਣਾ ਖਾਨਪੁਰ,ਕਰਨਪ੍ਰੀਤ ਸਿੰਘ ,ਬਲਜੀਤ ਸਿੰਘ ਦੋਦਪੁਰ,ਹਰਿੰਦਰ ਸਿੰਘ ,ਅਭੇ ਕੁਮਾਰ ,ਪ੍ਰਸ਼ੋਤਮ ਕੁਮਾਰ ,ਭਲਿੰਦਰ ਸਿੰਘ ਅਤੇ ਅੰਕੁਸ਼ ਕੰਦੋਲਾ ਆਦਿ ਹਾਜਰ ਸਨ।

ਸੰਵਿਧਾਨ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ : ਤਿਵਾੜੀ

ਬਹਿਰਾਮ (ਅਵਤਾਰ ਕਲੇਰ) ਕੇਂਦਰ ਵਿੱਚ ਭਾਜਪਾ ਦੀ ਮੋਦੀ ਸਰਕਾਰ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਸੱਤਾ 'ਚ ਆਈ। ਸੰਵਿਧਾਨ ਨੂੰ ਬਚਾਉਣ ਲਈ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਹਰਾਉਣਾ ਜ਼ਰੂਰੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੰਗਾ ਹਲਕੇ ਦੇ ਪਿੰਡ ਮੇਹਲੀ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਕੀਤਾ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੀ ਸੰਪਤੀ ਕੌਡੀਆਂ ਦੇ ਭਾਅ ਵੇਚ ਦਿੱਤੀ।

ਲੋਕ ਰਾਜ ਨੂੰ ਬਚਾਉਣ ਦੀ ਲੜਾਈ ਹੈ ਆਉਣ ਵਾਲੇ ਪੰਜ ਮਹੀਨੇ ਬੜੇ ਅਹਿਮ ਹਨ ਇਸ ਲਈ ਜਮਹੂਰੀ ਪਸੰਦ ਪਾਰਟੀਆਂ ਦੇ ਗਠਜੋੜ ਨੂੰ ਜਤਾਇਆ ਜਾਵੇ ਅਤੇ ਸਾਡੀ ਸਰਕਾਰ ਆਉਣ ਤੇ ਮਨਰੇਗਾ ਸਕੀਮ ਨੂੰ 365 ਦਿਨ ਕੀਤਾ ਜਾਵੇਗਾ। ਮੋਦੀ ਸਰਕਾਰ ਅੰਡਾਨੀਆ, ਅੰਬਾਨੀਆ ਅਤੇ ਸਰਮਾਏਦਾਰਾਂ ਦੀ ਸਰਕਾਰ ਹੈ ਇਹ ਸਰਕਾਰ ਗਰੀਬਾਂ ਨਾਲ ਧੱਕਾ ਕਰ ਰਹੀ ਹੈ ਇਸ ਲਈ ਇਸ ਸਰਕਾਰ ਨੂੰ ਹਰਾਉਣਾ ਜ਼ਰੂਰੀ ਹੈ। ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦਾ ਝੋਨਾ ਰੁਲ ਰਿਹਾ ਹੈ। ਉਹਨਾਂ ਇਸ ਮੌਕੇ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਨੂੰ ਵੀ ਯਾਦ ਕੀਤਾ। ਉਨ੍ਹਾਂ ਲੋਕਾਂ ਨੂੰ ਜਠਜੋੜ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਹਨਾਂ ਪਿੰਡ ਮੇਹਲੀ ਦੇ ਵਿਕਾਸ ਲਈ ਢਾਈ ਲੱਖ ਰੁਪਏ, ਖੋਥੜਾਂ ਲਈ ਤਿੰਨ ਲੱਖ ਰੁਪਏ, ਬਹੂਆ ਲਈ ਢਾਈ ਲੱਖ ਰੁਪਏ, ਜੱਸੋਮਜਾਰਾ ਲਈ ਢਾਈ ਲੱਖ ਰੁਪਏ ਤੋਂ ਇਲਾਵਾ ਹੋਰ ਵੀ ਪਿੰਡਾਂ ਲਈ ਗ੍ਰਾਂਟਾਂ ਦੇ ਚੈੱਕ ਵੰਡੇ। ਕਮਲਜੀਤ ਬੰਗਾ ਮੈਂਬਰ ਜਿਲ੍ਹਾ ਪ੍ਰੀਸ਼ਦ, ਹਰਭਜਨ ਸਿੰਘ ਭਰੋਲੀ, ਸੁਰਿੰਦਰ ਪਾਲ ਸਰਪੰਚ ਮੇਹਲੀ, ਅਮਰਜੀਤ ਬੱਬੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਯੂਥ ਆਗੂ ਸੁਮਨਪ੍ਰੀਤ ਸਿੰਘ ਦਰਵਜੀਤ ਸਿੰਘ ਪੂਨੀਆ , ਰਾਮ ਕੁਮਾਰ ਤੋਂ ਇਲਾਵਾ ਸਰਪੰਚ ਸੁਰਿੰਦਰ ਪਾਲ, ਪਰਵਿੰਦਰ ਸਿੰਘ ਸਰਪੰਚ ਬਹੂਆ, ਹਰਪਾਲ ਸਿੰਘ ਸਰਪੰਚ ਜੰਡਿਆਲੀ ਕਲਾਂ, ਤਜਿੰਦਰ ਕੌਰ ਸਰਪੰਚ ਜੱਸੋਮਜਾਰਾ, ਬਲਜਿੰਦਰ ਸਿੰਘ ਨੰਬਰਦਾਰ ਖੋਥੜਾਂ, ਨਰੰਜਣ ਦਾਸ ਪੰਚ ਮੇਹਲੀ, ਜਗਪਾਲ ਸਿੰਘ ਪੰਚ, ਧਰਮ ਸਿੰਘ ਪੰਚ ਜੱਸੋਮਜਾਰਾ , ਬਲਿਹਾਰ ਸਿੰਘ ਮੇਹਲੀ, ਅਮਨਦੀਪ ਸਿੰਘ ਅਮਨਾ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

ਜਥੇਦਾਰ ਹਰਨਾਮ ਸਿੰਘ ਨੂੰ ਸਦਮਾ, ਭਰਾ ਸਤਨਾਮ ਸਿੰਘ ਸੱਤਾ ਦੀ ਮੌਤ, ਸਸਕਾਰ ਅੱਜ

ਅਲਾਵਲਪੁਰ (ਮਦਨ ਬੰਗੜ) ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਪੰਜਾਬ ਮੰਡੀ ਬੋਰਡ ਆਦਮਪੁਰ ਦੇ ਸਾਬਕਾ ਚੇਅਰਮੈਨ ਜਥੇਦਾਰ ਹਰਨਾਮ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਛੋਟੇ ਭਰਾ ਸਤਨਾਮ ਸਿੰਘ ਸੱਤਾ (62) ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਮੌਕੇ ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਦੇ ਗ੍ਰਹਿ ਵਿਖੇ ਇਲਾਕੇ ਅਤੇ ਸੂਬੇ ਭਰ ਤੋਂ ਰਾਜਨੀਤਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਜਥੇਦਾਰ ਹਰਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਸਤਨਾਮ ਸਿੰਘ ਸੱਤਾ ਪਿਛਲੇ ਕੁਝ ਦਿਨਾ ਤੋਂ ਸੰਖੇਪ ਬਿਮਾਰੀ ਤੋਂ ਪੀੜਤ ਸੀ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਡਾਕਟਰਾਂ ਦੀ ਦੇਖ-ਰੇਖ ਹੇਠ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਬੇਟੀ ਵਿਦੇਸ਼ 'ਚ ਹੈ ਅਤੇ ਉਨ੍ਹਾਂ ਦੇ ਆਉਣ 'ਤੇ ਸਤਨਾਮ ਸਿੰਘ ਦਾ 20 ਨਵੰਬਰ ਦਿਨ ਸੋਮਵਾਰ ਨੂੰ ਨਿਰੰਜਨਪੁਰੀ ਸ਼ਮਸ਼ਾਨਘਾਟ ਅਲਾਵਲਪੁਰ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ।

ਕੈਂਪ 'ਚ 81 ਮਰੀਜ਼ਾਂ ਦੀ ਕੀਤੀ ਜਾਂਚ

ਕਰਤਾਰਪੁਰ (ਹਰਮੇਸ਼ ਦੱਤ) ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵੱਲੋਂ ਮੁਫਤ ਐਸ ਵੀ ਪੀ ਪਿੰਡ ਭੱਠੇ ਵਿਖੇ ਲਗਾਇਆ ਗਿਆ ਕੈਂਪ 'ਚ 81 ਮਰੀਜਾ ਦਾ ਮੁਫਤ ਚੈਕਅੱਪ ਬੀ ਪੀ ਸ਼ੂਗਰ ਟੈਸਟ ਕਰਕੇ ਮੁਫਤ ਦਵਾਈਆਂ ਵੰਡੀਆਂ ਗਈਆਂ। ਪਿੰਡ ਭੱਠੇ ਦੇ ਸਰਪੰਚ ਹਰਭਜਨ ਕੌਰ ਨੇ ਰਿਬਨ ਕੱਟ ਕੇ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ ਮੈਡਮ ਸੁਮਨਲਤਾ ਕਲਹਣ, ਸਰਪੰਚ ਹਰਭਜਨ ਕੌਰ, ਡਾ. ਰੂਹੀ ਅਰੋੜਾ, ਡਾ. ਰੋਹਿਤ ਮਲਹੋਤਰਾ, ਸੋਢੀ ਸਿੰਘ, ਸੁਮਨ, ਪੰਕਜ ਆਦਿ ਸਟਾਫ ਹਾਜ਼ਰ ਸਨ।

ਸ਼ਹੀਦ ਸਿੰਘ ਦੇ ਪਰਵਾਰਾਂ 'ਚੋਂ ਕਿਸੇ ਇੱਕ ਗੁਰਸਿੱਖ ਪਰਵਾਰ ਨੂੰ ਟਿਕਟ ਦਿੱਤੀ ਜਾਵੇ : ਭਾਓਵਾਲ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋ) ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਇਸ ਵਾਰ 34 ਸ਼ਹੀਦ ਸਿੰਘਾਂ ਦੇ ਕਿਸੇ ਵੀ ਇੱਕ ਗੁਰਸਿੱਖ ਅਕਾਲੀ ਪਰਵਾਰ ਨੂੰ ਟਿਕਟ ਦਿੱਤੀ ਜਾਵੇ। ਇਹ ਪ੍ਰਗਟਾਵਾ ਯੂਥ ਅਕਾਲੀਦਲ ਦੇ ਸੂਬਾ ਮੀਤ ਪ੍ਰਧਾਨ ਅਤੇ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਗਰੇਵਾਲ ਸ਼ਹੀਦ ਪਰਵਾਰ ਦੇ ਵਾਰਸ ਹਰਜਿੰਦਰ ਸਿੰਘ ਭਾਓਵਾਲ ਨੇ ਕੀਤਾ। ਉਨ੍ਹਾ ਨੇ ਸ਼੍ਰੋਮਣੀ ਅਕਾਲੀਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੂਹ ਹਾਈ ਕਮਾਂਡ ਨੂੰ ਅਪੀਲ ਕਰਦਿਆਂ ਕਿਹਾ ਇਨ੍ਹਾ ਸ਼ਹੀਦਾਂ ਨੇ ਸ਼੍ਰੋਮਣੀ ਅਕਾਲੀਦਲ ਦੀ ਨੀਂਹ ਨੂੰ ਮਜਬੂਤ ਕਰਨ ਲਈ ਆਪਣਾ ਲਹੂ ਨੀਂਹਾ 'ਚ ਪਾਇਆ ਇਨ੍ਹਾ ਸ਼ਹੀਦਾਂ ਦੀਆਂ ਕੁਰਬਾਨੀਆਂ ਕਰ ਕੇ ਹੀ ਅੱਜ ਪੰਥ ਸ਼੍ਰੋਮਣੀ ਅਕਾਲੀਦਲ ਚੜ੍ਹਦੀ ਕਲ੍ਹਾ 'ਚ ਹੈ।

ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ ਸੰਬੰਧੀ ਪ੍ਰੋਗਰਾਮ ਜਾਰੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਰਾਜ ਚੋਣ ਕਮਿਸ਼ਨ ਪੰਜਾਬ ਚੰਡੀਗੜ੍ਹ ਵੱਲੋਂ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ ਸੰਬੰਧੀ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਹੁਸ਼ਿਆਰਪੁਰ ਬਲਰਾਜ ਸਿੰਘ ਨੇ ਦੱਸਿਆ ਕਿ ਜਾਰੀ ਪ੍ਰੋਗਰਾਮ ਅਨੁਸਾਰ 20 ਨਵੰਬਰ ਤੋਂ 30 ਨਵੰਬਰ ਤੱਕ ਵੋਟਰ ਸੂਚੀਆਂ ਦੀ ਤਿਆਰੀ ਕੀਤੀ ਜਾਵੇਗੀ ਅਤੇ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 1 ਦਸੰਬਰ ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ 4 ਦਸੰਬਰ ਤੋਂ 12 ਦਸੰਬਰ ਤੱਕ ਲਏ ਜਾਣਗੇ। ਦਾਅਵਿਆਂ ਅਤੇ ਇਤਰਾਜਾਂ ਦਾ ਨਿਪਟਾਰਾ 13 ਦਸੰਬਰ ਤੋਂ 20 ਦਸੰਬਰ ਤੱਕ ਕੀਤਾ ਜਾਵੇਗਾ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 22 ਦਸੰਬਰ ਨੂੰ ਹੋਵੇਗੀ।

ਸਾਲਾਨਾ ਭਗਵਤੀ ਜਾਗਰਣ ਕਰਵਾਇਆ

ਅੱਡਾ ਸਰਾਂ (ਜਸਵੀਰ ਕਾਜਲ)-ਪਿੰਡ ਕੰਧਾਲੀ ਨੋਰੰਗਪੁਰ ਵਿਖੇ ਬਾਬਾ ਸਿੱਧ ਚਰਨੋਂ ਕਲੱਬ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਕਮਲਜੀਤ ਸਿੰਘ ਦੀ ਅਗਵਾਈ ਹੇਠ ਸਾਲਾਨਾ 12ਵਾਂ ਭਗਵਤੀ ਜਾਗਰਣ ਕਰਵਾਇਆ ਗਿਆ। ਇਸ ਮੌਕੇ ਨਗਰ ਦੀਆਂ ਸੰਗਤਾਂ ਨੇ ਹਾਜ਼ਰੀ ਲਗਵਾਈ ਅਤੇ ਇਸ ਮੌਕੇ ਰਮੇਸ਼ ਬਿੱਟੂ ਪ੍ਰਤਾਪਪੁਰਾ ਜਲੰਧਰ ਦੇ ਜਾਗਰਣ ਪਾਰਟੀ ਵੱਲੋਂ ਮਾਤਾ ਜੀ ਆਰਤੀ ਕਰਨ ਉਪਰੰਤ ਸਾਰੀ ਰਾਤ ਮਾਤਾ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ, ਇਸ ਮੌਕੇ ਚਾਹ ਪਕੌੜਿਆਂ, ਫਲਾਂ ਆਦਿ ਦਾ ਅਤੁੱਟ ਲੰਗਰ ਵੀ ਵਰਤਿਆ ਗਿਆ। ਇਸ ਮੌਕੇ ਬਾਬਾ ਬਲਵੰਤ ਸ਼ਾਹ ਦਾਰਾਪੁਰ, ਸੁਰਿੰਦਰ ਪਾਲ ਸਿੰਘ, ਜਸਵੀਰ ਕਾਜਲ, ਬੂਟਾ ਸਿੰਘ ਕਾਜਲ, ਭਗਵਾਨ ਦਾਸ, ਪ੍ਰਗਟ ਸਿੰਘ, ਹਰਪ੍ਰੀਤ ਸਿੰਘ ਪੀਤਾ, ਰਾਮ ਬਲੀ ਸਿੰਘ, ਜਸਵੀਰ ਸੀਰਾ, ਪਵਨਦੀਪ, ਬਲਵੀਰ ਸਿੰਘ ਵਿੱਕੀ ਮਲਕੀਤ ਸਿੰਘ ਬੱਗਾ, ਸਨੀ ਠਾਕੁਰ ਸਿੰਘ, ਹੈਪੀ, ਅਵਤਾਰ ਸਿੰਘ ਅਮਨੀ, ਜਸਵਿੰਦਰ ਮੌਲਾ, ਕੁਲਵੰਤ ਰੈਮਪੀ ਆਦਿ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਜਿਲਾ ਜਲੰਧਰ ਪੰਜਾਬ ਪੈਨਸ਼ਨਰਜ ਯੂਨੀਅਨ ਪੰਜਾਬ ਦੀ ਮੀਟਿੰਗ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿਖੇ ਮਦਨ ਲਾਲ ਚੀਮਾਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਥੇਬੰਦੀ ਦੀ ਰਵਾਇਤ ਅਨੁਸਾਰ ਪਹਿਲਾਂ ਵਿਛੜੇ ਸਾਥੀਆਂ ਅਤੇ ਜੰਮੂ ਕਸ਼ਮੀਰ ਬੱਸ ਹਾਦਸੇ 'ਚ ਵਿਛੜੀਆਂ ਰੂਹਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ। ਉਪਰੰਤ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਸੀਨੀਅਰ ਮੀਤ ਪ੍ਰਧਾਨ ਦਵਿੰਦਰ ਪਾਲ ਸਿੰਘ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ ਵੱਲੋਂ ਸਾਂਝੇ ਬਿਆਨ ਵਿਚ ਦੱਸਿਆ ਕਿ ਮੁਲਾਜ਼ਮ ਵਰਗ ਅਤੇ ਪੈਨਸ਼ਨਰਾਂ ਨੂੰ ਸਰਕਾਰ ਦੀ ਟਾਲ ਮਟੋਲ ਦੀ ਨੀਤੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਵਾਰ ਵਾਰ ਮੀਟਿੰਗ ਲਈ ਸਮਾਂ ਦੇਣਾ 'ਤੇ ਮੁੱਕਰ ਜਾਣਾ ਅਤੇ ਕੋਈ ਹੱਲ ਨਾ ਕਰਨਾ। ਦੀਵਾਲੀ ਤਿਉਹਾਰ ਨੂੰ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਕਾਲੀ ਦੀਵਾਲੀ ਮਨਾਉਣ ਲਈ ਮਜ਼ਬੂਰ ਕਰ ਦਿੱਤਾ। ਸਰਕਾਰ ਦੀ ਇਸ ਮਾੜੀ ਨੀਤੀ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਗਈ। ਇਸ ਮੌਕੇ ਮੀਟਿੰਗ 'ਚ ਪਿਛਲੇ ਕੀਤੇ ਐਕਸ਼ਨਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੁੱਧ ਮਾੜੀਆਂ ਨੀਤੀਆਂ ਵਿਰੁੱਧ ਡੱਟ ਕੇ ਖੜਨ ਦੀ ਲੋੜ ਹੈ। ਉਨ੍ਹਾਂ ਜਿਲ੍ਹਾ ਜਲੰਧਰ ਦੀ ਨਵੀਂ ਚੁਣੀ ਗਈ ਟੀਮ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਰ ਸੰਘਰਸ਼ 'ਚ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਹਰ ਮੈਂਬਰ ਨੂੰ ਸਮੇਂ ਦਾ ਪਾਬੰਦ ਅਤੇ ਹਰ ਐਕਸ਼ਨ 'ਚ ਸ਼ਾਮਲ ਹੋਣ ਦੀ ਹੋਣ ਦੀ ਅਪੀਲ ਵੀ ਕੀਤੀ। ਇਸਮੌਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਡੀ ਏ ਦੇ ਬਕਾਏ ਤੁਰੰਤ ਭੁਗਤਾਨ ਕੀਤਾ ਜਾਵੇ। ਤਿਉਹਾਰੀ ਸੀਜਨ ਵਿੱਚ ਡੀ ਏ ਜਾਰੀ ਨਾ ਕਰਕੇ ਪੈਨਸ਼ਰਾਂ ਨਾਲ ਧੋਖਾ ਕੀਤਾ ਗਿਆ ਹੈ। ਪੰਜਾਬ ਸਰਕਾਰ 'ਤ

20-Nov-PAGE-9.qxd 11/19/2023 9:49 PM Page 1

ਐੱਨ ਪੀ ਐੱਸ ਮੁਲਾਜ਼ਮਾਂ ਅਧੂਰੇ ਨੋਟੀਫੀਕੇਸ਼ਨ ਦੀਆਂ ਕਾਪੀਆਂ ਫੂਕੀਆਂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਸੂਬਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਐਲਾਨ ਤੋਂ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਦੀ ਐਸ ਓ ਪੀ ਜਾਰੀ ਨਾ ਕਰਨ ਕਾਰਨ ਅੱਜ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਸਕੂਲਾਂ 'ਚ ਐਨ ਪੀ ਐਸ ਮੁਲਾਜ਼ਮਾਂ ਨੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਜ਼ਾਹਰ ਕੀਤਾ।

ਇਸ ਮੌਕੇ ਚਰਨਜੀਤ ਸਿੰਘ, ਬਲਕਾਰ ਸਿੰਘ, ਮੁਕੇਸ਼ ਕੁਮਾਰ, ਗੁਰਚਰਨ ਸਿੰਘ ਆਦਿ ਨੇ ਕਿਹਾ ਕਿ ਇੱਕ ਮੁਲਾਜ਼ਮ ਦੇ ਬੁਢਾਪੇ ਦਾ ਸਹਾਰਾ ਪੁਰਾਣੀ ਪੈਨਸ਼ਨ ਹੁੰਦੀ ਹੈ ਪਰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਅਣਗੌਲਿਆ ਕੀਤਾ ਹੈ ਅਤੇ ਮੌਜੂਦਾ ਸਰਕਾਰ ਨੇ ਵੀ ਇਸੇ ਤਰ੍ਹਾਂ ਕੀਤਾ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ, ਇਸ ਨੋਟੀਫਿਕੇਸ਼ਨ ਨੂੰ ਜਾਰੀ ਹੋਇਆਂ ਸਾਲ ਪੂਰਾ ਹੋਣ ਜਾ ਰਿਹਾ ਹੈ ਪਰ ਅਜੇ ਤੱਕ ਪੰਜਾਬ ਦੀ ਆਪ ਸਰਕਾਰ ਇਸ ਨੂੰ ਲਾਗੂ ਨਹੀਂ ਕਰ ਸਕੀ। ਸਰਕਾਰ ਵੱਲੋਂ ਇਕ ਸਾਲ ਬੀਤ ਜਾਣ ਤੋਂ ਬਾਅਦ ਵੀ ਐਸ ਓ ਪੀ ਜਾਰੀ ਨਹੀਂ ਕੀਤੀ ਗਈ, ਜਦੋਂ ਕਿ ਗਵਾਂਢੀ ਸੂਬੇ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ। ਸਰਕਾਰ ਦੇ ਇਸ ਢਿੱਲੇ ਰਵੱਈਏ ਨੂੰ ਲੈ ਕੇ ਪੰਜਾਬ ਦੇ ਐਨ ਪੀ ਐਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ ਜਿਸ ਦਾ ਖਮਿਆਜ਼ਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਵਿੱਚ ਸਰਕਾਰ ਨੂੰ ਭੁਗਤਣਾ ਪਵੇਗਾ। ਇਸ ਮੌਕੇ ਚਰਨਜੀਤ ਸਿੰਘ, ਬਲਕਾਰ ਸਿੰਘ, ਮੁਕੇਸ਼ ਕੁਮਾਰ, ਗੁਰਚਰਨ ਸਿੰਘ, ਸੁਰਿੰਦਰਪਾਲ ਸਿੰਘ, ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ, ਅਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਵਰੁਣ ਕੁਮਾਰ, ਮਨਦੀਪ ਕੌਰ, ਅਨਾਮਿਕਾ ਸ਼ਰਮਾ, ਰਾਜਿੰਦਰ ਕੌਰ, ਪ੍ਰਤਿਭਾ, ਪੁਨੀਤਾ ਸ਼ਰਮਾ, ਗੁਰਪ੍ਰੀਤ ਕੌਰ, ਗੁਰਦੀਪ ਕੌਰ, ਦਲਜੀਤ ਕੌਰ, ਸੀਮਾ ਰਾਣੀ, ਕਵਿਤਾ ਬੇਦੀ, ਕਰਮਜੀਤ ਕੌਰ, ਜਸਵਿੰਦਰ ਕੌਰ, ਪੁਸ਼ਪਾ ਦੇਵੀ, ਸੁਨੀਤਾ ਰਾਣੀ, ਰੇਨੂ ਬਾਲਾ, ਅਰੁਣ ਸ਼ਰਮਾ, ਇਕਬਾਲ ਸਿੰਘ, ਤਰਨਜੀਤ ਸਿੰਘ ਆਦਿ ਹਾਜ਼ਰ ਸਨ।

'ਸਾਡੇ ਬਜ਼ੁਰਗ ਸਾਡਾ ਮਾਣ' ਸਕੀਮ ਦਾ ਡੀ ਸੀ ਵੱਲੋਂ ਨਿਰੀਖਣ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਅੱਜ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵਲੋਂ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਵਿਖੇ ਪੰਜਾਬ ਸਰਕਾਰ ਵਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਕੀਤੀ 'ਸਾਡੇ ਬਜ਼ੁਰਗ ਸਾਡਾ ਮਾਣ' ਸਕੀਮ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਸੀਨੀਅਰ ਸਿਟੀਜ਼ਨ ਵੈਲਫੇਅਰ ਕੌਂਸਲ ਹੁਸ਼ਿਆਰਪੁਰ ਵਲੋਂ ਇਸ ਕੈਂਪ ਵਿੱਚ ਸਹਿਯੋਗ ਕਰਨ ਲਈ ਜੋ ਵੱਖਰਾ ਸਟਾਲ ਲਾਇਆ ਗਿਆ ਸੀ ਤੇ ਮਾਣਯੋਗ ਡਿਪਟੀ ਕਮਿਸ਼ਨਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਇਸ ਕੌਂਸਲ ਦੇ ਪ੍ਰਧਾਨ ਬ੍ਰਗੇਡੀਅਰ ਸੁਰਜੀਤ ਸਿੰਘ, ਪੈਟਰਨ ਸੁਰਜੀਤ ਸਿੰਘ ਸਾਬਕਾ ਡੀ.ਸੀ. ਵਾਈਸ ਪ੍ਰਧਾਨ ਕੁਲਦੀਪ ਰਾਏ ਆਹਲੂਵਾਲੀਆ ਅਤੇ ਜਨਰਲ ਸਕੱਤਰ ਸੂਰਜ ਪ੍ਰਕਾਸ਼ ਆਨੰਦ ਦੀ ਸ਼ਲਾਘਾ ਕੀਤੀ। ਉਨ੍ਹਾਂ ਸੀਨੀਅਰ ਸਿਟੀਜ਼ਨ ਵੈਲਫੇਅਰ ਕੌਂਸਲ ਹੁਸ਼ਿਆਰਪੁਰ ਵਲੋਂ ਇਸ ਕੈਂਪ ਵਿੱਚ ਬਜ਼ੁਰਗਾਂ ਨੂੰ ਵੱਖ ਵੱਖ ਲਾਈਨਾਂ ਵਿੱਚ ਭੇਜਣ ਦੀ, ਉਨ੍ਹਾਂ ਦੇ ਅਯੂਸ਼ਮਾਨ ਕਾਰਡ, ਸੀਨੀਅਰ ਸਿਟੀਜ਼ਨ ਕਾਰਡ ਭਰਵਾਉਣ ਆਦਿ ਵਿੱਚ ਮਦਦ ਕਰਨ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ ਕੌਂਸਲ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜੋ ਵੀ ਬਜ਼ੁਰਗਾਂ ਲਈ ਸਕੀਮਾਂ ਜਾਂ ਭਲਾਈ ਵਾਲੇ ਕੈਂਪ ਲਗਾਏ ਜਾਣਗੇ ਉਸ ਵਿੱਚ ਕੌਂਸਲ ਦੇ ਮੈਂਬਰ ਵਧ ਚੜ੍ਹ ਕੇ ਹਿੱਸਾ ਲੈਣਗੇ। 'ਸਾਡੇ ਬਜ਼ੁਰਗ ਸਾਡਾ ਮਾਣ' ਸਕੀਮ ਦਾ ਉਦਘਾਟਨ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਵਲੋਂ ਇਸ ਸਿਹਤ ਕੈਂਪ ਵਿੱਚ ਕੀਤਾ ਗਿਆ। ਜਿਸ ਵਿਚ 60 ਸਾਲ ਤੋਂ ਵੱਧ ਉਮਰ ਵਾਲੇ ਬਜ਼ੁਰਗਾਂ ਦੀ ਸਿਹਤ ਸਬੰਧੀ ਜਾਂਚ, ਨੱਕ, ਕੰਨ, ਗਲੇ ਦੀ ਜਾਂਚ, ਅੱਖਾਂ ਦੀ ਜਾਂਚ, ਅੱਖਾਂ ਦਾ ਅਪ੍ਰੇਸ਼ਨ, ਮੁਫਤ ਐਨਕਾਂ ਅਤੇ ਦੰਦਾਂ ਦਾ ਵੀ ਚੈਕਅੱਪ ਕੀਤਾ ਗਿਆ। ਸੀਨੀਅਰ ਸਿਟੀਜ਼ਨ ਕੌਂਸਲ ਹੁਸ਼ਿਆਰਪੁਰ ਵਲੋਂ ਵੀ 'ਬਜ਼ੁਰਗਾਂ ਦਾ ਸਤਿਕਾਰ ਕਰੋ, ਬੱਚਿਆਂ ਵਾਂਗ ਪਿਆਰ ਕਰੋ' ਦੇ ਬੈਨਰ ਹੇਠ ਇਸ ਕੈਂਪ ਦਾ ਸਹਿਯੋਗ ਕੀਤਾ ਗਿਆ। ਇਸ ਕੈਂਪ ਵਿੱਚ ਕੌਂਸਲ ਦੇ ਸਰਗਰਮ ਮੈਂਬਰ ਪ੍ਰਧਾਨ ਬ੍ਰਗੇਡੀਅਰ ਸੁਰਜੀਤ ਸਿੰਘ, ਸਾਬਕਾ ਡੀ.ਸੀ. ਸੁਰਜੀਤ ਸਿੰਘ, ਕੇ.ਆਰ. ਆਹਲੂਵਾਲੀਆ, ਸਾਬਕਾ ਇਨਕਮ ਟੈਕਸ ਅਫਸਰ ਸੁਰਜੀਤ ਸਿੰਘ ਸੰਦਲ, ਗਿਆਨ ਸਿੰਘ ਭਲੇਠੂ, ਜਨਰਲ ਸਕੱਤਰ ਸੂਰਜ ਪ੍ਰਕਾਸ਼ ਆਨੰਦ ਅਤੇ ਹੋਰ ਮੈਂਬਰਾਂ ਨੇ ਵੀ ਸਹਿਯੋਗ ਦਿੱਤਾ।

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)-ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਦੇ ਬਾਵਜੂਦ ਲਾਗੂ ਨਾ ਕਰਨ ਦੇ ਰੋਸ ਵਜੋਂ ਅੱਜ ਇੱਕ ਸਾਲ ਬੀਤਣ 'ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਬਲਾਕ ਟਾਂਡਾ ਦੇ ਸਰਕਾਰੀ ਮੁਲਾਜ਼ਮਾਂ ਨੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਸ਼ਿਮਲਾ ਪਹਾੜੀ ਪਾਰਕ ਟਾਂਡਾ ਵਿਖੇ ਬਲਾਕ ਪ੍ਰਧਾਨ ਬਲਦੇਵ ਸਿੰਘ ਦੀ ਅਗਵਾਈ ਵਿੱਚ ਇਕੱਤਰ ਹੋਏ ਮੁਲਾਜ਼ਮਾਂ ਨੇ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਇਕ ਸਾਲ ਬੀਤਣ ਦੇ ਬਾਵਜੂਦ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ ਜਿਸ ਕਾਰਨ ਪੰਜਾਬ ਭਰ ਦੇ ਸਰਕਾਰੀ ਮੁਲਾਜ਼ਮਾਂ ਵਿੱਚ ਸੂਬਾ ਸਰਕਾਰ ਖਿਲਾਫ ਦੀ ਲਹਿਰ ਹੈ। ਇਸ ਮੌਕੇ ਇਕੱਤਰ ਹੋਏ ਸਮੂਹ ਮੁਲਾਜ਼ਮਾਂ ਨੇ ਮੰਗ ਕੀਤੀ ਕਿ ਜਲਦ ਤੋਂ ਜਲਦ ਪੁਰਾਣੀ ਪੈਨਸ਼ਨ ਬਹਾਲੀ ਦਾ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਲਾਗੂ ਕੀਤਾ ਜਾਵੇ ਨਹੀਂ ਤਾਂ ਮੁਲਾਜ਼ਮਾਂ ਵੱਲੋਂ ਪੰਜਾਬ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਭਜਨੀਕ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ, ਹੈਡਮਾਸਟਰ ਹਰਪ੍ਰੀਤ ਸਿੰਘ, ਗੁਰਜੋਤ ਸਿੰਘ, ਲਖਨਪਾਲ ਸਿੰਘ, ਹਰਪਿੰਦਰ ਸਿੰਘ, ਮਾਸਟਰ ਗੁਰਨਾਮ ਸਿੰਘ, ਅਸ਼ੋਕ ਕੁਮਾਰ, ਪਰਮਜੀਤ ਸਿੰਘ, ਜਗਦੀਸ਼ ਸਿੰਘ, ਅਮਨਦੀਪ ਸਿੰਘ, ਸੁਖਬੀਰ ਸਿੰਘ, ਗੁਰਜੋਤ ਸਿੰਘ ਵੀ ਮੌਜੂਦ ਸਨ।

ਕ੍ਰਿਕਟ ਟੀਮ ਇੰਡੀਆ ਨੂੰ ਦਿੱਤੀਆਂ ਸ਼ੁੱਭਕਾਮਨਾਵਾਂ

ਜਲੰਧਰ (ਇਕਬਾਲ ਸਿੰਘ ਉਭੀ)- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਣ ਵਾਲੇ ਆਈ ਸੀ ਸੀ ਪੁਰਸ਼ ਕ੍ਰਿਕਟ ਵਿਸ਼ਵ ਕੱਪ 2023 ਲਈ ਭਾਰਤੀ ਕ੍ਰਿਕਟ ਟੀਮ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਾਸਟਰ ਗੁਰਬੰਤਾ ਸਿੰਘ ਮਾਰਗ ਸਥਿਤ ਸੰਸਥਾ ਦੇ ਸਕੂਲ ਦੇ ਵਿਦਿਆਰਥੀਆਂ ਨੇ ਹੱਥਾਂ ਵਿੱਚ ਤਿਰੰਗਾ ਫੜ ਕੇ ਵਿਸ਼ਵ ਕੱਪ ਟਰਾਫੀ ਦੇ ਰੂਪ ਵਿੱਚ ਧਰਤੀ 'ਤੇ ਬੈਠ ਅਤੇ ਮੰਡੀ ਰੋਡ ਸਕੂਲ ਦੇ ਵਿਦਿਆਰਥੀਆਂ ਨੇ ਤਿਰੰਗਾ ਆਪਣੇ ਮੂੰਹਾਂ 'ਤੇ ਪੇਂਟ ਕੀਤਾ, ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਟੀਮ ਲਈ ਪ੍ਰਾਰਥਨਾ ਕੀਤੀ। ਵਿਦਿਆਰਥੀਆਂ ਨੇ ਜੈ ਹਿੰਦ ਦੇ ਨਾਅਰੇ ਲਗਾ ਕੇ ਸ਼ਾਨਦਾਰ ਭਾਰਤੀ ਟੀਮ 'ਤੇ ਮਾਣ ਮਹਿਸੂਸ ਕੀਤਾ। ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਭਾਰਤੀ ਟੀਮ ਦੀ ਜਿੱਤ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਖੇਡਾਂ ਦਾ ਜੀਵਨ ਵਿੱਚ ਬਹੁਤ ਮਹੱਤਵ ਹੈ। ਉਨ੍ਹਾਂ ਕਿਹਾ ਕਿ ਇਹ ਕ੍ਰਿਕਟ ਮੈਚ ਵੀ ਇੱਕ ਵੱਡਾ ਦਿਨ ਹੈ ਜਿਸ ਵਿੱਚ ਪੂਰਾ ਪਰਵਾਰ ਮੈਚ ਦੇਖਣ ਲਈ ਇਕੱਠੇ ਹੋਵੇਗਾ ਅਤੇ ਦੇਸ਼ ਦੀ ਜਿੱਤ ਦੀ ਕਾਮਨਾ ਕਰੇਗਾ।

ਸੋਨੂੰ ਸਾਈਂ ਨੇ ਬਿਆਸ ਦਰਿਆ 'ਚ ਤਾਰਿਆ ਸਾਲਾਨਾ ਬੇੜਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਗਿਆਰ੍ਹਵੀਂ ਵਾਲੀ ਸਰਕਾਰ ਮੀਰਾ ਗੌਸਪਾਕ ਰਾਮਾਂਮੰਡੀ ਦਰਬਾਰ ਦੇ ਮੁੱਖ ਸੇਵਾਦਾਰ ਅਤੇ ਗੱਦੀਨਸ਼ੀਨ ਸੋਨੂੰ ਸਾਈਂ ਨੇ ਦਰਬਾਰ ਦੇ ਸੇਵਾਦਾਰਾਂ ਤੇ ਸੰਗਤਾਂ ਨਾਲ ਹਰ ਸਾਲ ਵਾਂਗ ਇਸ ਵਾਰ ਵੀ ਸਭ ਦੀਆਂ ਆਸਾਂ ਮੁਰਾਦਾਂ ਪੂਰੀਆਂ ਕਰਨ ਲਈ ਬਿਆਸ ਦਰਿਆ ਵਿਖੇ ਖਵਾਜਾ ਗਰੀਬ ਨਮਾਜ ਦਾ 11 ਫੁੱਟ ਲੰਬਾ ਅਤੇ 3 ਫੁੱਟ ਚੌੜਾ ਬੇੜਾ ਆਪਣੇ ਹੱਥੀਂ ਬਣਾ ਕੇ ਗਿਆਰ੍ਹਵੀਂ ਵਾਲੀ ਸਰਕਾਰ ਮੀਰਾ ਗੌਸਪਾਕ ਦੀ ਹਜ਼ੂਰੀ ਵਿੱਚ ਤਾਰਿਆ। ਇਸ ਮੌਕੇ ਸੋਨੂੰ ਸਾਈਂ, ਗੋਸਵਿੰਦਰ, ਅਭੀਜੀਤ, ਸਵਿਤਾ, ਕਾਂਤਾ ਰਾਣੀ, ਬੂਟਾ ਸਿੰਘ, ਰੋਹਿਤ ਭਾਟੀਆ, ਪੂਨਮ ਭਾਟੀਆ, ਸਾਬਕਾ ਕੌਂਸਲਰ ਰਾਜ ਕੁਮਾਰ ਰਾਜੂ, ਬਲਵਿੰਦਰ ਕੁਮਾਰ ਸੋਹੂੰਗਣੀ, ਕੁਲਤਾਰ, ਗੁਰਪ੍ਰੀਤ, ਸਰਵਣ, ਗੌਰਵ, ਸੋਮੀ ਗੁਰੀ, ਦੀਪਾਂਸ਼ੂ ਰਾਜਾ ਆਦਿ ਮੌਜੂਦ ਸਨ।

ਅੱਖਾਂ ਦਾ ਅਪਰੇਸ਼ਨ ਕੈਂਪ

ਆਦਮਪੁਰ (ਪਰਮਜੀਤ ਸਿੰਘ)-ਲਾਇਨ ਕਲੱਬ ਆਦਮਪੁਰ ਦੋਆਬਾ ਵੱਲੋਂ ਲਾਇਨ ਆਈ ਹਸਪਤਾਲ ਚੈਰੀਟੇਬਲ ਸੋਸਾਇਟੀ ਆਦਮਪੁਰ ਦੀ ਦੇਖ ਰੇਖ ਹੇਠ 36 ਵਾਂ ਅੱਖਾਂ ਦਾ ਅਪਰੇਸ਼ਨ ਕੈਂਪ, 19 ਨਵੰਬਰ ਨੂੰ ਆਈਜ਼ ਫਾਰ ਦੀ ਵਰਲਡ ਕੈਨੇਡਾ ਸੰਤ ਵਰਤਨ ਸਿੰਘ, ਸਵਾ : ਨੰਬਰਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ, ਡਮੁੰਡਾ ਆਦਮਪੁਰ ਦੇ ਸਹਿਯੋਗ ਨਾਲ ਲਾਇਨ ਆਈ ਹਸਪਤਾਲ ਨੇੜੇ ਬੱਸ ਸਟੈਂਡ, ਆਦਮਪੁਰ ਵਿਖੇ ਲਗਾਇਆ। ਲਾਇਨ ਕਲੱਬ ਆਦਮਪੁਰ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਅੱਖਾਂ ਦੇ ਫਰੀ ਅਪਰੇਸ਼ਨ ਮਾਹਰ ਡਾਕਟਰਾਂ ਵਲੋਂ ਕੀਤੇ ਜਾਣਗੇ।

ਹੈੱਡ ਕਾਂਸਟੇਬਲ 20,000 ਰੁਪਏ ਰਿਸ਼ਵਤ ਲੈਂਦਾ ਕਾਬੂ

ਚੰਡੀਗੜ੍ਹ (ਕ੍ਰਿਸ਼ਨ ਗਰਗ) - ਹਰਿਆਣਾ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਬਿਊਰੋ ਦੀ ਟੀਮ ਨੇ ਜ਼ਿਲ੍ਹਾ ਫਰੀਦਾਬਾਦ ਦੇ ਡਬੂਆ ਪੁਲਸ ਥਾਣੇ ਵਿਚ ਤੈਨਾਤ ਹੈਡ ਕਾਂਸਟੇਬਲ ਮੁਸ਼ਤਾਕ ਨੂੰ 20,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਫੜਿਆ। ਹਰਿਆਣਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦਸਿਆ ਕਿ ਐਂਟੀ ਕੁਰੱਪਸ਼ਨ ਬਿਊਰੋ ਦੀ ਟੀਮ ਨੇ ਸੂਚਨਾ ਦੇ ਆਧਾਰ 'ਤੇ ਦੋਸ਼ੀ ਨੂੰ ਫੜਣ ਲਈ ਯੋਜਨਾ ਬਣਾਈ ਅਤੇ ਉਸ ਨੂੰ ਰੰਗੇ ਹੱਥੀ ਫੜਣ ਵਿਚ ਸਫਲਤਾ ਹਾਸਲ ਕੀਤੀ। ਹੈਡ ਕਾਂਸਟੇਬਲ ਮੁਸ਼ਤਾਕ ਨੇ ਸ਼ਿਕਾਇਤਕਰਤਾ ਤੋਂ ਪੁਲਸ ਥਾਣੇ ਡਬੂਆ ਵਿਚ ਦਰਜ ਐਫਆਈਆਈ ਵਿਚ ਵੱਡੀਆਂ ਧਾਰਾਵਾਂ ਨਾ ਲਾਗਉਣ ਦੇ ਬਦਲੇ ਵਿਚ 20,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਇਸ ਤੋਂ ਬਾਅਦ ਬਿਊਰੋ ਦੀ ਟੀਮ ਨੇ ਦੋਸ਼ੀ ਹੈਡ ਕਾਂਸਟੇਬਲ ਨੂੰ 20,000 ਰੁਪਏ ਦੀ ਰਕਮ ਨਾਲ ਰੰਗੇ ਹੱਥੀ ਫੜਿਆ। ਇਸ ਮਾਮਲੇ ਵਿਚ ਦੋਸ਼ੀ ਖਿਲਾਫ ਫਰੀਦਾਬਾਦ ਦੇ ਵਿਜੀਲੈਂਸ ਬਿਊਰੋ ਵਿਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਕੈਬਨਿਟ ਮੀਟਿੰਗ 28 ਨੂੰ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਕੈਬਿਨੇਟ ਦੀ ਮੀਟਿੰਗ ਮੁੱਖ ਮੰਤਰੀ ਮਨੋਹਰ ਲਾਲ ਦੀ ਪ੍ਰਧਾਨਗੀ ਹੇਠ ਮੰਗਲਵਾਰ 28 ਨਵੰਬਰ, 2023 ਨੂੰ ਸਵੇਰੇ 11:00 ਵਜੇ ਹਰਿਆਣਾ ਸਿਵਲ ਸਕੱਤਰੇਤ ਦੀ ਚੌਥੀ ਮੰਜ਼ਿਲ ਸਥਿਤ ਮੁੱਖ ਹਾਲ ਵਿਚ ਆਯੋਜਿਤ ਹੋਵੇਗੀ.।

ਬੱਸ ਦੀ ਫੇਟ ਨਾਲ ਛੋਟਾ ਹਾਥੀ ਡਿੱਗਿਆ ਪੁਲ ਤੋਂ ਹੇਠਾਂ

ਫਿਲੌਰ (ਨਿਰਮਲ) -ਦੁਪਹਿਰ ਇਥੇ ਹਾਈਵੇ 'ਤੇ ਮਈਆ ਦਰਬਾਰ ਪੁੱਲ ਉਪਰ ਇਕ ਬੱਸ ਵਲੋਂ ਫੇਟ ਮਾਰਨ ਨਾਲ ਇਕ ਛੋਟਾ ਟੈਂਪੂ (ਛੋਟਾ ਹਾਥੀ) ਹਾਈਵੇ ਤੋਂ ਹੇਠ ਡਿਗ ਪਿਆ। ਇਸ ਹਾਦਸੇ ਵਿਚ ਟੈਂਪੂ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਤੇ ਡਰਾਈਵਰ ਜਖਮੀ ਹੋ ਗਿਆ। ਟੈਂਪੂ ਮਾਲਕ ਊਧਮ ਸਿੰਘ ਉਭੀ ਪੁੱਤਰ ਜਸਵੰਤ ਸਿੰਘ ਵਾਸੀ ਗੁਰਾਇਆ ਨੇ ਦੱਸਿਆ ਕਿ ਉਹ ਲੁਧਿਆਣਾ ਨੂੰ ਆਪਣੇ ਟੈਂਪੂ ਨੰਬਰ ਪੀਬੀ 08 ਸੀਬੀ 5606 'ਤੇ ਜਾ ਰਿਹਾ ਸੀ,ਜਦੋਂ ਡੇਢ ਵਜੇ ਦੇ ਕਰੀਬ ਫਿਲੌਰ ਪੁੱਜਾ ਤਾਂ ਪਿਛਾਂਹ ਤੋਂ ਆਈ ਇਕ ਬੱਸ ਨੇ ਉਸ ਨੂੰ ਪੁਲ ਉਪਰ ਫੇਟ ਮਾਰ ਦਿੱਤੀ ਜਿਸ ਨਾਲ ਟੈਂਪੂ ਪੁੱਲ ਤੋਂ ਹੇਠ ਡਿਗ ਪਿਆ।

ਆਪ ਆਮ ਲੋਕਾਂ ਦੀ ਸਰਕਾਰ : ਤਰੁਣ ਅਰੋੜਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਆਮ ਆਦਮੀ ਪਾਰਟੀ ਵਿਕਾਸ ਕ੍ਰਾਂਤੀ ਰੈਲੀ ਤਰੁਣ ਅਰੋੜਾ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਨੂੰ ਵੱਡੀ ਗਿਣਤੀ ਵਰਕਰ ਇਲਾਕਾ ਵਾਸੀ ਰਵਾਨਾ ਹੋਈ। ਇਸ ਮੌਕੇ ਤਰੁਣ ਅਰੋੜਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਹੁਸ਼ਿਆਰਪੁਰ ਰੈਲੀ ਇਤਿਹਾਸਕ ਰੈਲੀ ਹੋਈ ਹੈ। ਤਰੁਣ ਅਰੋੜਾ ਨੇ ਦੱਸਿਆ ਕਿ ਕੌਮੀ ਕਨਵੀਨਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ

20-NOV-PAGE-10.qxd 11/19/2023 9:39 PM Page 1

'ਵਿਦੇਸ਼ੀ ਮੀਡੀਆ 'ਚ ਭਾਰਤ ਦੀ ਕਵਰੇਜ ਦਾ ਮੁਲਾਂਕਣ' ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਸੰਪੰਨ

ਸੰਗਤ ਮੰਡੀ (ਰਾਜਦੀਪ ਜੋਸ਼ੀ)

ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ "ਵਿਦੇਸ਼ੀ ਮੀਡੀਆ ਵਿੱਚ ਭਾਰਤ ਦੀ ਕਵਰੇਜ ਦਾ ਮੁਲਾਂਕਣ" ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਸਮਾਪਤ ਹੋ ਗਿਆ। ਇਸ ਸਮਾਗਮ ਵਿੱਚ ਸਿੱਖਿਆ ਤੇ ਮੀਡੀਆ ਜਗਤ ਦੀਆਂ ਉੱਘੀਆਂ ਸ਼ਖਸੀਅਤਾਂ ਦੇ ਨਾਲ ਨਾਲ ਅਧਿਆਪਕਾਂ, ਖੋਜਾਰਥੀਆਂ ਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਭਾਗੀਦਾਰਾਂ ਨੇ ਸੈਮੀਨਾਰ ਦੇ ਵੱਖ-ਵੱਖ ਉਪ-ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ, ਜਿਸ ਵਿੱਚ ਪੱਖਪਾਤ ਨੂੰ ਸਮਝਣ ਤੇ ਵਿਰੋਧੀ ਰਣਨੀਤੀਆਂ ਬਣਾਉਣ ਲਈ ਵਿਦੇਸ਼ੀ ਮੀਡੀਆ ਵਿੱਚ ਭਾਰਤ ਦੀ ਕਵਰੇਜ ਦਾ ਮੁਲਾਂਕਣ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ।

ਸਮਾਪਤੀ ਸਮਾਗਮ ਦੀ ਸ਼ੁਰੂਆਤ ਵਿੱਚ ਡੀਨ ਇੰਚਾਰਜ ਅਕਾਦਮਿਕ ਪ੍ਰੋ. ਆਰ. ਕੇ. ਵੁਸੀਰਿਕਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ। ਇਸ ਤੋਂ ਬਾਅਦ ਸੈਮੀਨਾਰ ਦੇ ਕੋਆਰਡੀਨੇਟਰ ਡਾ: ਰੂਬਲ ਕਨੌਜੀਆ ਨੇ ਸੰਖੇਪ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਇਸ ਰਾਸ਼ਟਰੀ ਸੈਮੀਨਾਰ ਵਿੱਚ ਕਰਵਾਏ ਗਏ ਤਿੰਨ ਤਕਨੀਕੀ ਸੈਸ਼ਨਾਂ ਵਿੱਚ ਅਧਿਆਪਕਾਂ ਤੇ ਖੋਜਾਰਥੀਆਂ ਵੱਲੋਂ 29 ਖੋਜ ਪੱਤਰ ਪੇਸ਼ ਕੀਤੇ ਗਏ। ਇਸ ਵਿਚਾਰ-ਵਟਾਂਦਰੇ ਵਿੱਚ ਪੱਛਮੀ ਮੀਡੀਆ ਸਮੱਗਰੀ ਦੇ ਵਧੇਰੇ ਪ੍ਰਭਾਵ ਦੇ ਪਿੱਛੇ ਮੁੱਖ ਕਾਰਨ ਸਾਡੇ ਦੇਸ਼ ਦੇ ਨਾਗਰਿਕਾਂ ਦੁਆਰਾ ਪੱਛਮੀ ਮੀਡੀਆ ਦੀਆਂ ਖਬਰਾਂ ਦੀ ਸਮੱਗਰੀ 'ਤੇ ਉੱਚ ਪਰਸਪਰ ਪ੍ਰਭਾਵ ਦਰਾਂ ਨੂੰ ਮੰਨਿਆ ਗਿਆ, ਜਿਸ ਨੂੰ ਸੋਸ਼ਲ ਤੇ ਡਿਜੀਟਲ ਮੀਡੀਆ ਪਲੇਟਫਾਰਮਾਂ 'ਤੇ ਦੇਖਿਆ ਜਾ ਸਕਦਾ ਹੈ। ਪੱਛਮੀ ਮੀਡੀਆ ਖਪਤਕਾਰਾਂ ਦਾ ਇਸ ਵਿਵਹਾਰ ਨੇ ਪੱਛਮੀ ਮੀਡੀਆ ਘਰਾਣਿਆਂ ਨੂੰ ਭਾਰਤ ਨੂੰ ਨਕਾਰਾਤਮਕ ਢੰਗ ਨਾਲ ਪੇਸ਼ ਕਰਨ ਲਈ ਆਪਣਾ ਪ੍ਰਚਾਰ ਜਾਰੀ ਰੱਖਣ ਲਈ ਉਤਸ਼ਾਹਤ ਕੀਤਾ ਹੈ।

ਸਮਾਪਤੀ ਸੈਸ਼ਨ ਵਿੱਚ ਕੁਸ਼ਾਭਾਊ ਠਾਕਰੇ ਨੈਸ਼ਨਲ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਯੂਨੀਵਰਸਿਟੀ, ਰਾਏਪੁਰ ਦੇ ਵਾਈਸ ਚਾਂਸਲਰ ਪ੍ਰੋਫੈਸਰ ਬਲਦੇਵ ਭਾਈ ਸ਼ਰਮਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਦੱਸਿਆ ਕਿ ਇਤਿਹਾਸ ਵਿੱਚ ਸਾਡੇ ਮਹਾਨ ਸਮਾਜਕ ਚਿੰਤਕਾਂ, ਸੁਧਾਰਕਾਂ ਤੇ ਸੰਤਾਂ ਨੇ ਸਾਨੂੰ ਭਾਰਤੀ ਗਿਆਨ ਪ੍ਰਣਾਲੀ ਦੀਆਂ ਕਦਰਾਂ-ਕੀਮਤਾਂ ਵਿੱਚ ਜੜੀ ਮਾਨਵ-ਕੇਂਦਰਿਤ ਪਹੁੰਚ ਅਪਣਾਉਣ ਲਈ ਮਾਰਗਦਰਸ਼ਨ ਕੀਤਾ ਹੈ। ਇਸ ਦੇ ਬਾਵਜੂਦ ਸਮਾਜ ਵਿੱਚ ਪੱਛਮੀ ਵਿਚਾਰਾਂ ਨੂੰ ਉੱਤਮ ਤੇ ਮਿਆਰੀ ਸਮਝਣ ਦੀ ਪ੍ਰਵਿਰਤੀ ਹੈ, ਭਾਵੇਂ ਉਹ ਸਵੈ-ਕੇਂਦਰਿਤ ਹੀ ਕਿਉਂ ਨਾ ਹੋਵੇ। ਪ੍ਰੋਫੈਸਰ ਬਲਦੇਵ ਭਾਈ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਪੱਛਮੀ ਵਿਚਾਰਧਾਰਾਵਾਂ ਪ੍ਰਤੀ ਇਹ ਤਰਜੀਹ ਪੱਛਮੀ ਮੀਡੀਆ ਨੂੰ ਭਾਰਤ ਦਾ ਨਕਾਰਾਤਮਕ ਅਕਸ ਪੇਸ਼ ਕਰਕੇ ਆਪਣਾ ਦਬਦਬਾ ਕਾਇਮ ਰੱਖਣ ਦੀ ਤਾਕਤ ਦਿੰਦੀ ਹੈ। ਪ੍ਰੋ. ਸ਼ਰਮਾ ਨੇ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤੀ ਪੱਤਰਕਾਰੀ ਦੇ ਤੱਤ ਨੂੰ ਸਮਝਣ, ਕੇਵਲ ਪ੍ਰਮਾਣਿਕ ਜਾਣਕਾਰੀ ਸਾਂਝੀ ਕਰਨ, ਭਾਰਤੀ ਸਮਾਜ ਦੇ ਸਮਾਵੇਸੀ ਵਿਕਾਸ ਦੀ ਸੋਚ ਨੂੰ ਅੱਗੇ ਵਧਾਉਣ ਤੇ ਰਾਸ਼ਟਰੀ ਅਖੰਡਤਾ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣ। ਇਸ ਪ੍ਰੋਗਰਾਮ ਵਿੱਚ ਮਾਖਨ ਲਾਲ ਚਤੁਰਵੇਦੀ ਨੈਸ਼ਨਲ ਯੂਨੀਵਰਸਿਟੀ ਆਫ ਜਰਨਲਿਜਮ ਐਂਡ ਕਮਿਊਨੀਕੇਸ਼ਨ, ਭੋਪਾਲ ਦੇ ਸਾਬਕਾ ਵਾਈਸ ਚਾਂਸਲਰ ਤੇ ਹਰਿਆਣਾ ਰਾਜ ਉੱਚ ਸਿੱਖਿਆ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਬੀ. ਕੇ. ਕੁਠਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਇੱਕ ਔਫਬੀਟ ਥੀਮ ਚੁਣਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਮੀਡੀਆ ਪਲੇਟਫਾਰਮਾਂ ਤੋਂ ਪਰੇ ਸੰਚਾਰ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਇਸ ਗੱਲ 'ਤੇ ਧਿਆਨ ਦਿਵਾਇਆ ਕਿ ਵਿਦੇਸੀ ਮੀਡੀਆ ਦੁਆਰਾ ਭਾਰਤ ਦੀ ਇੱਕ ਨਕਾਰਾਤਮਕ ਅਕਸ ਪੇਸ਼ ਕਰਨ ਦੇ ਲਗਾਤਾਰ ਯਤਨਾਂ ਦੇ ਬਾਵਜੂਦ, ਪੱਛਮੀ ਬੁੱਧੀਜੀਵੀ ਆਪਣੀ ਆਰਥਿਕਤਾ ਵਿੱਚ ਭਾਰਤੀ ਡਾਇਸਪੋਰਾ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦੇ ਹਨ। ਇਸ ਦੇ ਨਾਲ ਹੀ, ਪਿਛਲੇ ਕੁਝ ਦਹਾਕਿਆਂ ਵਿੱਚ ਸਾਡੇ ਦੇਸ਼ ਵਿੱਚ ਹੋਈ ਤਰੱਕੀ ਨੇ ਅੰਤਰਰਾਸ਼ਟਰੀ ਖੋਜਾਰਥੀਆਂ ਨੂੰ ਇਸ ਦਹਾਕੇ ਦੇ ਅੰਤ ਤੱਕ ਭਾਰਤ ਦੇ ਇੱਕ ਗਲੋਬਲ ਸਾਫਟ ਪਾਵਰ ਬਣਨ ਦੀਆਂ ਸੰਭਾਵਨਾਵਾਂ 'ਤੇ ਲਿਖਣ ਲਈ ਵੀ ਪ੍ਰੇਰਿਤ ਕੀਤਾ ਹੈ। ਪ੍ਰੋਫੈਸਰ ਬੀ. ਕੇ. ਕੁਠਿਆਲਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਮੀਡੀਆ ਪੇਸ਼ੇਵਰਾਂ ਨੂੰ ਉਪਨਿਸਦਾਂ ਰਾਹੀਂ ਸੰਚਾਰ ਦੇ ਵਿਗਿਆਨ ਨੂੰ ਸਮਝਣਾ ਚਾਹੀਦਾ ਹੈ ਤੇ ਸੱਚਾਈ, ਨਿਰਪੱਖਤਾ ਤੇ ਸੰਚਾਰ ਦੇ ਸਿਧਾਂਤਾਂ ਨੂੰ ਅਪਣਾ ਕੇ ਵਿਸ਼ਵ ਪੱਧਰ 'ਤੇ ਆਪਣੀ ਭਰੋਸੇਯੋਗਤਾ ਨੂੰ ਵਧਾਉਣਾ ਚਾਹੀਦਾ ਹੈ। ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਦੱਸਿਆ ਕਿ ਸਾਡੇ ਪੁਰਾਤਨ ਗ੍ਰੰਥ ਡੂੰਘੇ ਗਿਆਨ ਦੇ ਭੰਡਾਰ ਹਨ, ਜੋ ਕੁਦਰਤ-ਕੇਂਦ੍ਰਿਤ ਜੀਵਨ ਸ਼ੈਲੀ ਤੇ ਅਧਿਆਤਮਕ ਸ਼ਕਤੀਕਰਨ ਵੱਲ ਨਿਰੰਤਰ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਹਾਲਾਂਕਿ, ਸਾਡੇ ਦਿਮਾਗਾਂ ਦੇ ਪੱਛਮੀਕਰਨ ਦੇ ਕਾਰਨ ਅਸੀਂ ਇਹ ਪਛਾਣਨ ਵਿੱਚ ਅਸਮਰੱਥ ਹਾਂ ਕਿ ਜਿਹੜੇ ਨਵੀਨ ਮਨੁੱਖੀ ਕੇਂਦਰਿਤ ਵਿਚਾਰਾਂ ਦੀ ਸਿਰਜਣਾ ਦਾ ਸਿਹਰਾ ਅਕਸਰ ਪੱਛਮ ਨੂੰ ਦਿੱਤਾ ਜਾਂਦਾ ਹੈ, ਅਸਲ ਵਿੱਚ ਇਹ ਪ੍ਰਾਚੀਨ ਭਾਰਤੀ ਸੱਭਿਅਤਾ ਦੌਰਾਨ ਸਾਡੇ ਪੂਰਵਜਾਂ ਦੁਆਰਾ ਸੰਕਲਪਿਤ ਕੀਤੇ ਗਏ ਸਨ। ਨਤੀਜੇ ਵਜੋਂ, ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਪਣੀ ਭਾਰਤੀ ਸੰਸਕ੍ਰਿਤੀ ਵੱਲ ਮੁੜੀਏ ਤੇ ਭਾਰਤੀ ਪੱਤਰਕਾਰ ਹੀ ਸਾਡੀ ਸਨਾਤਨ ਸੰਸਕ੍ਰਿਤੀ ਦੇ ਸਰਬ-ਸੰਮਲਿਤ ਪ੍ਰਕਿਰਤੀ-ਕੇਂਦ੍ਰਿਤ ਵਿਕਾਸ ਦੀ ਵਿਚਾਰ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ। ਇਸ ਭਾਰਤੀ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਹੀ ਅਸੀਂ ਵਿਦੇਸ਼ੀ ਮੀਡੀਆ ਦਆਰਾ ਸਥਾਪਤ ਪੱਛਮੀ ਸਭਿਅਤਾ-ਕੇਂਦਰਤ ਪੱਖਪਾਤ ਦਾ ਮੁਕਾਬਲਾ ਕਰ ਸਕਦੇ ਹਾਂ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਆਫ ਇਨਫਰਮੇਸ਼ਨ ਐਂਡ ਕਮਿਊਨੀਕੇਸਨ ਸਟੱਡੀਜ਼ ਦੇ ਡੀਨ ਡਾ. ਭਵਨਾਥ ਪਾਂਡੇ ਨੇ ਸਭ ਦਾ ਧੰਨਵਾਦ ਕੀਤਾ।

ਗੁਰੂ ਘਰ ਦੀ ਨਵੀਂ ਇਮਾਰਤ ਲਈ ਸਹਿਯੋਗ ਰਾਸ਼ੀ ਭੇਟ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਨਜ਼ਦੀਕੀ ਪਿੰਡ ਲਾਲਵਾ ਵਿਖੇ ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਲਈ ਉੱਘੇ ਸਮਾਜਸੇਵੀ ਪ੍ਰਵਾਸੀ ਪੰਜਾਬੀ ਸੁਖਦੇਵ ਸਿੰਘ ਬੈਲਜੀਅਮ ਨੇ ਪਿੰਡ ਪਹੁੰਚ ਕੇ ਸਹਿਯੋਗ ਰਾਸ਼ੀ ਭੇਟ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਸਰਪੰਚ ਅੰਗਰੇਜ ਸਿੰਘ ਲਾਲਵਾ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਗਵਾਈ ਵਿੱਚ ਚੱਲ ਰਹੀ ਮੁਹਿੰਮ ਤਹਿਤ ਸੇਵਾ ਕਰਨ ਦਾ ਭਰੋਸਾ ਦਿੱਤਾ। ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਵਾਸੀ ਪੰਜਾਬੀ ਸੁਖਦੇਵ ਸਿੰਘ ਬੈਲਜੀਅਮ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਹਰ ਇੱਕ ਸਿੱਖ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਸੇਵਾ ਦੇ ਰੂਪ ਵਿੱਚ ਕੰਮ ਕਰਨ ਦਾ ਫਲਸਫਾ ਦਿੱਤਾ ਸੀ ਪਰ ਅਜੋਕੇ ਸਮੇਂ ਦੌਰਾਨ ਅਸੀਂ ਬਹੁਤ ਗਿਣਤੀ ਸਿੱਖ ਗੁਰੂ ਸਾਹਿਬ ਦੇ ਇਸ ਫਲਸਫੇ ਤੋਂ ਦੂਰ ਚਲੇ ਗਏ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਗੁਰੂ ਸਾਹਿਬ ਵੱਲੋਂ ਕੀਤੀ ਗਈ ਬਖਸ਼ਿਸ਼ ਵਿੱਚੋਂ ਦਸਵੰਧ ਕੱਢ ਕੇ ਗੁਰੂ ਘਰ ਤੇ ਗੁਰੂ ਦੀ ਸੰਗਤ ਦੀ ਸੇਵਾ ਦੇ ਲੇਖੇ ਲਗਾਉਣਾ ਚਾਹੀਦਾ ਹੈ। ਇਸ ਦੌਰਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਸੁਖਦੇਵ ਸਿੰਘ ਅਤੇ ਹੋਰਨਾ ਪਤਵੰਤਿਆਂ ਨੂੰ ਸਿਰਪਾਉ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸੁਰਜੀਤ ਸਿੰਘ ਹਰੀਕਾ, ਜਸਵਿੰਦਰ ਸਿੰਘ ਜਿਉਣਪੁਰਾ ਅਤੇ ਬੂਟਾ ਸਿੰਘ ਬੱਤਰਾ ਆਦਿ ਹਾਜ਼ਰ ਸਨ।

ਡਾਕਟਰੀ ਸਲਾਹ ਨਾਲ ਹੀ ਕਰੋ ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ : ਡਾਕਟਰ ਕਵਿਤਾ ਸਿੰਘ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਕਾਰਜਕਾਰੀ ਸਿਵਲ ਸਰਜਨ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਅੱਜ ਕੱਲ੍ਹ ਲੋਕਾਂ ਨੇ ਐਂਟੀਬਾਇਓਟਿਕ ਦਵਾਈਆਂ ਲੈਣ ਦਾ ਸ਼ੌਕ ਬਣਾ ਲਿਆ ਜੋ ਕਿ ਸਰੀਰ ਲਈ ਘਾਤਕ ਹੈ ਅਤੇ ਇਸ ਦਾ ਸਰੀਰ ਵਿਖੇ ਬੁਰਾ ਅਸਰ ਹੁੰਦਾ ਹੈ ਅਤੇ ਮਾਨਵ ਪ੍ਰਤੀਰੋਧਕ ਸਮਰਥਾ ਘੱਟ ਹੁੰਦੀ ਹੈ। ਇਸ ਲਈ ਲੋਕਾਂ ਨੂੰ ਜਾਗਰੂਕਤਾ ਦੀ ਜ਼ਰੂਰਤ ਹੈ। ਇਸ ਲਈ 18 ਨਵੰਬਰ ਤੋਂ ਵਿਭਾਗ ਵਲੋਂ 24 ਨਵੰਬਰ ਤੱਕ ਜਾਗ੍ਰਿਤ ਹਫਤਾ ਮਨਾਇਆ ਜਾ ਰਿਹਾ ਹੈ, ਜਿਸ ਲਈ ਅੱਜ ਵਿਭਾਗ ਵਲੋਂ ਪੋਸਟਰ ਜਾਰੀ ਕੀਤਾ ਗਿਆ ਅਤੇ ਸਿਹਤ ਸੰਸਥਾਵਾਂ ਵਿਖੇ ਜਾਗਰੂਕਤਾ ਕੈਂਪ ਲੱਗਣੇ ਹਨ। ਡਾਕਟਰ ਕਵਿਤਾ ਸਿੰਘ ਨੇ ਦੱਸਿਆ ਕਿ ਲੋਕ ਅੱਜ ਕੱਲ੍ਹ ਐਂਟੀਬਾਇਓਟਿਕ ਲੈਂਦੇ ਹਨ ਜਦੋਂਕਿ ਇਸ ਦੀ ਜ਼ਰੂਰਤ ਵੀ ਨਹੀਂ ਹੁੰਦੀ ਜਿਵੇਂ ਕਿ ਆਮ ਜ਼ੁਕਾਮ, ਫਲੂ, ਵਗਦਾ ਨੱਕ, ਜਾ ਵਫਰਲ ਇਨਫੈਕਸ਼ਨ ਹੋਣ 'ਤੇ ਐਂਟੀਬਾਇਓਟਿਕ ਦੀ ਜ਼ਰੂਰਤ ਨਹੀਂ ਹੁੰਦੀ ਬਲਕਿ ਇਹ ਆਪਣੇ ਆਪ ਠੀਕ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਡਾਕਟਰੀ ਸਲਾਹ ਨਾਲ ਹੀ ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਹਮੇਸ਼ਾ ਡਾਕਟਰੀ ਨਿਰਦੇਸ਼ ਅਨੁਸਾਰ ਹੀ ਦਵਾਈ ਦਾ ਕੋਰਸ ਪੂਰਾ ਕੀਤਾ ਜਾਵੇ ਅਤੇ ਲਾਗ ਨੂੰ ਰੋਕਣ ਲਈ ਅਤੇ ਐਂਟੀਬਾਇਓਟਿਕ ਤੋਂ ਬਚਣ ਲਈ ਆਪਣੇ ਹੱਥ ਧੋਤੇ ਜਾਣ ਤਾਂ ਕਿ ਬਿਮਾਰੀ ਤੋਂ ਬਚਿਆ ਜਾ ਸਕੇ।

ਹਾਰਵਰਡ ਕਾਨਵੈਂਟ ਸਕੂਲ ਨੇ ਲਗਵਾਇਆ ਸਾਇੰਸ ਸਿਟੀ ਦਾ ਵਿੱਦਿਅਕ ਟੂਰ

ਬਾਘਾਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾਪੁਰਾਣਾ ਵੱਲੋਂ ਬੱਚਿਆਂ ਨੂੰ ਸਾਇੰਸ ਦੀਆਂ ਨਵੀਆਂ ਤੇ ਪੁਰਾਣੀਆਂ ਕਾਢਾਂ ਨਾਲ ਜਾਣੂ ਕਰਵਾਉਣ ਲਈ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਬੱਚਿਆਂ ਨੇ ਵੱਖ ਵੱਖ ਸ਼ੋਅ ਜਿਸ ਵਿੱਚ ਲੇਜ਼ਰ ਸ਼ੋਅ, ਥ੍ਰੀ ਡੀ ਸ਼ੋਅ , ਡੈਮੋ ਸ਼ਾਅੋ, ਪਲੈਨੇਟ ਮੂਵਿੰਗ ਸ਼ੋਅ ਅਤੇ ਸਪੇਸ ਸ਼ੋਅ ਦਾ ਅਨੰਦ ਮਾਣਿਆ। ਬੱਚਿਆਂ ਨੂੰ ਉੱਥੇ ਬਣੇ ਡਾਇਨਾਸੋਰ ਪਾਰਕ ਵਿੱਚ ਅਲੋਪ ਹੋ ਚੁੱਕੀਆਂ ਪਰਜਾਤੀਆਂ ਬਾਰੇ ਵੀ ਬਹੁਤ ਕੁਝ ਸਿੱਖਣ ਨੂੰ ਮਿਲਿਆ। ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਉਨ੍ਹਾਂ ਨੂੰ ਸਾਇੰਸ ਦੀਆਂ ਉਨਤੀਆਂ ਅਤੇ ਨਵੀਆਂ ਕਾਢਾਂ ਨਾਲ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਪਰਤਦੇ ਹੋਏ ਸਕੂਲ ਵਿਦਿਆਰਥੀ ਅਤੇ ਸਮੂਹ ਸਟਾਫ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਨਤਮਸਕ ਹੋਏ। ਇਸ ਸਮੇਂ ਕੋਆਰਡੀਨੇਟਰ ਧਰਮਦਾਸ ਸਿੰਘ, ਮਿਡਲ ਵਿੰਗ ਕੋਆਰਡੀਨੇਟਰ ਕਮਲਜੀਤ ਕੌਰ, ਪ੍ਰਾਇਮਰੀ ਵਿੰਗ ਕੋਆਰਡੀਨੇਟਰ ਗੀਤਾ ਸ਼ਰਮਾ, ਐਕਟੀਵਿਟੀ ਇੰਚਾਰਜ ਸਰਿਤਾ ਸ਼ਰਮਾ ਸਮੇਤ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸ਼ਾਮਲ ਸਨ।

ਮਾਤਾ ਗੁਜਰੀ ਕਾਲਜ 'ਚ ਮਨਾਇਆ ਰਾਸ਼ਟਰੀ ਪ੍ਰੈੱਸ ਦਿਵਸ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਵੱਲੋਂ ਰਾਸ਼ਟਰੀ ਪ੍ਰੈਸ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਵਿਵਹਾਰਕ ਅਤੇ ਰਚਨਾਤਮਕ ਹੁਨਰਾਂ ਨੂੰ ਹੋਰ ਨਿਖਾਰਨ ਲਈ ਪ੍ਰੈਸ ਨੋਟ ਲੇਖਣ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਵਿਭਾਗ ਦੇ 40 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਸਾਰੂ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜੋਕੇ ਸੂਚਨਾ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੂਚਨਾ ਦਾ ਸਹੀ ਪ੍ਰਚਾਰ-ਪ੍ਰਸਾਰ ਕਰਨ, ਪੱਤਰਕਾਰੀ ਦੀਆਂ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਅਤੇ ਵਿਕਾਸ ਦੇ ਮੁੱਖ ਮਸਲਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਪੱਤਰਕਾਰੀ ਨਾਲ ਜੁੜੀ ਨੌਜਵਾਨ ਪੀੜ੍ਹੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ ਨੇ

20-Nov-PAGE- 11 qxd-Majha.qxd 11/19/2023 10:23 PM Page 1

ਕਿਸਾਨੀ ਦੇ ਅਹਿਮ ਮੁੱਦਿਆਂ ਨੂੰ ਲੈ ਕੇ ਪਿੰਡ ਸਭਰਾਂ 'ਚ ਮੀਟਿੰਗ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨੀ ਮੁੱਦਿਆਂ ਨੂੰ ਲੈ ਕੇ ਪਿੰਡ ਸਭਰਾਂ ਦੇ ਗੁਰਦੁਆਰਾ ਸਾਹਿਬ ਵਿਖੇ ਪੰਦਰਵਾੜਾ ਮੀਟਿੰਗ ਅਮਰਜੀਤ ਸਿੰਘ ਸੈਕਟਰੀ, ਬਲਕਾਰ ਸਿੰਘ ਦੋਧੀ ਅਤੇ ਲੱਖਾ ਸਿੰਘ ਜੋਤੀਸ਼ਾਹ ਦੀ ਪ੍ਰਧਾਨਗੀ ਹੇਠ ਕਰਦਿਆਂ ਸੁਖਵਿੰਦਰ ਸਿੰਘ ਸਭਰਾਂ ਜੁਗਰਾਜ ਸਿੰਘ ਰਾਜਸਥਾਨੀ ਤੇ ਦਲੇਰ ਸਿੰਘ ਨੇ ਮੌਜੂਦਾ ਸਮੇਂ ਦੇ ਬਹੁਤ ਹੀ ਅਹਿਮ ਮਸਲਿਆਂ 'ਤੇ ਚਰਚਾ ਕੀਤੀ ਗਈ ਜਿਵੇਂ ਕਿ ਸਰਕਾਰ ਪਰਾਲੀ ਸਬੰਧੀ ਮੁਸ਼ਕਲਾਂ ਦਾ ਪੱਕਾ ਹੱਲ ਕਰੇ। ਜਿਹੜੇ ਕਿਸਾਨਾਂ, ਮਜ਼ਦੂਰਾਂ 'ਤੇ ਅੱਗ ਲਾਉਣ ਤੇ ਪਰਚੇ ਦਰਜ ਕੀਤੇ ਉਹ ਰੱਦ ਕੀਤੇ ਜਾਣ ਅਤੇ ਅਜਿਹੀ ਸੂਰਤ ਵਿੱਚ ਅਸਲੇ ਦੇ ਲਾਇਸੈਂਸ ਰੱਦ ਕਰਨ, ਹੋਰ ਸਬਸਿਡੀਆਂ ਅਤੇ ਸਰਕਾਰੀ ਸਹੂਲਤਾਂ ਰੱਦ ਕਰਨ ਦੇ ਹੁਕਮ ਵਾਪਸ ਲਏ ਜਾਣ, ਨਿੱਜੀਕਰਨ ਨੂੰ ਉਤਸ਼ਾਹ ਦੇਣ ਵਾਲੀ ਨੀਤੀ ਤਹਿਤ ਚਿਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ, ਪਹਿਲਾਂ ਤੋਂ ਚੱਲੇ ਆ ਰਹੇ ਮੀਟਰ ਹੀ ਲਗਾਏ ਜਾਣ, ਭਾਰਤ ਮਾਲਾ ਪ੍ਰੋਜੈਕਟ ਤਹਿਤ ਕੱਢੇ ਜਾ ਰਹੇ ਹਾਈਵੇ ਲਈ ਜ਼ਮੀਨਾਂ ਐਕਵਾਇਰ ਕੀਤੀਆਂ ਜਾਣੀਆਂ ਬੰਦ ਕੀਤੀਆਂ ਜਾਣ। ਆਰਬੀਟਰੇਸ਼ਨ ਵਿੱਚ ਪਏ ਕੇਸ ਤੁਰੰਤ ਨਿਪਟਾਏ ਜਾਣ ਅਤੇ ਰੱਦ ਕੀਤੇ ਹੋਏ ਕੇਸ ਤੁਰੰਤ ਬਹਾਲ ਕਰਕੇ ਯੋਗ ਮੁਆਵਜ਼ਾ ਦਿੱਤਾ ਜਾਵੇ, ਮਸਲੇ ਦੇ ਹੱਲ ਤੋਂ ਪਹਿਲਾਂ ਪੰਜਾਬ ਸਰਕਾਰ ਪੁਲਸ ਬਲ ਦੇ ਜ਼ੋਰ ਨਾਲ ਜ਼ਮੀਨਾਂ ਤੇ ਕਬਜ਼ੇ ਕਰਨੇ ਬੰਦ ਕਰੇ, ਅਤਿ ਜ਼ਰੂਰੀ ਹਾਲਾਤ ਵਿੱਚ ਮਾਰਗ ਨੂੰ ਪਿੱਲਰਾਂ 'ਤੇ ਬਣਾਇਆ ਜਾਵੇ ਤਾਂ ਜੋ ਹੜ੍ਹ ਆਉਣ ਦੀ ਸਥਿਤੀ ਵਿੱਚ ਕੁਦਰਤੀ ਵਹਾਅ ਬਣਿਆ ਰਹੇ, ਪੰਜਾਬ ਵਿੱਚ ਪੂਰਨ ਤੌਰ 'ਤੇ ਨਸ਼ਾਬੰਦੀ ਕੀਤੀ ਜਾਵੇ ਅਤੇ ਨਸ਼ੇ ਦੇ ਕਾਰਨ ਮੌਤ ਹੋਣ ਦੀ ਸੂਰਤ ਵਿੱਚ ਉੱਥੋਂ ਦੇ ਐੱਮਐੱਲਏ., ਐੱਸਐੱਸਪੀ., ਡੀਐੱਸਪੀ 'ਤੇ ਪਰਚਾ ਦਰਜ ਕੀਤਾ ਜਾਵੇ, ਗੰਨਾ ਮਿੱਲਾਂ ਤੁਰੰਤ ਚਾਲੂ ਕੀਤੀਆਂ ਜਾਣ ਅਤੇ ਗੰਨੇ ਦੇ ਭਾਅ ਵਿੱਚ 120 ਰੁਪਏ ਦਾ ਵਾਧਾ ਕੀਤਾ ਜਾਵੇ। ਗੰਨੇ ਦੀ ਖਰਾਬ ਹੋਈ ਫਸਲ ਦੀ ਸਰਕਾਰ ਭਰਪਾਈ ਕਰੇ, ਮੰਨੀ ਹੋਈ ਮੰਗ ਮੁਤਾਬਕ ਜੁਮਲਾ ਮੁਸ਼ਤਰਕਾ ਮਾਲਕਾਨਾ ਜ਼ਮੀਨ ਸਮੇਤ ਸਾਰੀਆਂ ਅਬਾਦ ਕੀਤੀਆਂ ਜ਼ਮੀਨਾਂ ਦੇ ਮਾਲਕਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ, ਝੋਨੇ ਦੇ ਚਾਲੂ ਸੀਜ਼ਨ ਦੌਰਾਨ ਖਰੀਦ ਬੰਦ ਕਰਨ ਦੇ ਆਰਡਰ ਰੱਦ ਕੀਤੇ ਜਾਣ ਅਤੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਚੁੱਕੀ ਜਾਣ ਤੱਕ ਮੰਡੀਆਂ ਚਾਲੂ ਰੱਖੀਆਂ ਜਾਣ। ਉਨ੍ਹਾਂ ਕਿਹਾ ਕਿ ਉਪਰੋਕਤ ਮੰਗਾਂ ਨੂੰ ਲੈ ਕੇ ਉੱਤਰ ਭਾਰਤ ਦੀਆਂ 18 ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਵੱਲੋਂ 20 ਨਵੰਬਰ ਨੂੰ ਪੰਜਾਬ ਅਤੇ ਹਰਿਆਣਾ ਦੇ ਡੀਸੀ ਅਤੇ ਐੱਸਡੀਐੱਮ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਬੀਬੀਆਂ ਹਾਜ਼ਰ ਹੋਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਕਾਸ਼ ਸਵਿੰਦਰ ਸਿੰਘ ਬਿਲਾ ਫਤਿਹ ਸਿੰਘ, ਬਲਵੰਤ ਸਿੰਘ, ਮੁਖਤਿਆਰ ਸਿੰਘ ਗੁਰਦਿਆਲ ਸਿੰਘ ਨਿਰਵੈਰ ਸਿੰਘ ਅਜੀਤ ਸਿੰਘ, ਰਸ਼ਪਾਲ ਸਿੰਘ, ਕੁਲਦੀਪ ਸਿੰਘ ਸੁਖਵਿੰਦਰ ਸਿੰਘ, ਹਰਬੰਸ ਸਿੰਘ ਅਜੀਤ ਸਿੰਘ ਪ੍ਰਧਾਨ ਆਦਿ ਹਾਜ਼ਰ ਸਨ।

ਸਰਕਾਰੀ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ 'ਉਡਾਨ' ਨੇ ਕਰਵਾਇਆ ਸੈਮੀਨਾਰ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਨੀਵਰਸਲ ਡਿਵੈਲਪਮੈਂਟ ਐਂਡ ਅਵੇਅਰਨੈੱਸ ਆਫ ਨੇਸ਼ਨ (ਉਡਾਨ) ਵੱਲੋਂ ਲੋਕਾਂ ਨੂੰ ਸਰਕਾਰੀ ਸਕੀਮਾਂ ਦੀ ਜਾਣਕਾਰੀ ਦੇਣ ਲਈ ਕਾਨੂੰਵਾਨ ਖੇਤਰ ਵਿਚ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਉਡਾਨ ਦੇ ਨੁਮਾਇੰਦਿਆਂ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਗੁਰਦਾਸਪੁਰ ਦੇ ਸਹਿਯੋਗ ਨਾਲ ਵਿਸ਼ੇਸ਼ ਸਟਾਲ ਲਗਾ ਕੇ ਲੋਕਾਂ ਨੂੰ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਡਾਨ ਰਾਹੀਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਬੱਚਿਆਂ, ਔਰਤਾਂ, ਬਜ਼ੁਰਗਾਂ ਅਤੇ ਅੰਗਹੀਣਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਵੀ ਕੀਤਾ ਗਿਆ। ਇਸ ਮੌਕੇ ਉਡਾਨ ਦੇ ਚੇਅਰਮੈਨ ਬਲਜੀਤ ਸਿੰਘ, ਸਕੱਤਰ ਗਗਨਦੀਪ ਸਿੰਘ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

ਔਰਤ ਮੁਕਤੀ ਮੋਰਚਾ ਪੰਜਾਬ ਵੱਲੋਂ ਨਸ਼ਿਆਂ, ਬੇਰੁਜ਼ਗਾਰੀ ਤੇ ਫਿਰਕਾਪ੍ਰਸਤੀ ਵਿਰੁੱਧ ਕਨਵੈਨਸ਼ਨ

ਖਡੂਰ ਸਾਹਿਬ, ਮੀਆਂਵਿੰਡ (ਸਰਬਜੋਤ ਸਿੰਘ ਸੰਧਾ, ਰਵੀ ਖਹਿਰਾ)-ਔਰਤ ਮੁਕਤੀ ਮੋਰਚਾ ਪੰਜਾਬ ਵਲੋਂ ਨਸ਼ਿਆਂ ਦੇ ਪ੍ਰਕੋਪ, ਬੇਰੁਜ਼ਗਾਰੀ, ਫਿਰਕਾਪ੍ਰਸਤੀ ਦੇ ਵਿਰੁੱਧ ਚੇਤਨਾ ਮੁਹਿੰਮ ਤਹਿਤ ਪਿੰਡ ਤੁੜ ਤਹਿਸੀਲ ਖਡੂਰ ਸਾਹਿਬ ਵਿਖੇ ਕਨਵੈਨਸ਼ਨ ਕੀਤੀ ਗਈ, ਜਿਸ ਦੀ ਪ੍ਰਧਾਨਗੀ ਜਸਬੀਰ ਕੌਰ ਤਰਨ ਤਾਰਨ, ਕੁਲਵਿੰਦਰ ਕੌਰ ਖਡੂਰ ਸਾਹਿਬ, ਮਨਜੀਤ ਕੌਰ ਤੁੜ ਅਤੇ ਲਖਵਿੰਦਰ ਕੌਰ ਜਾਮਾਰਾਏ ਨੇ ਕੀਤੀ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਡਾਕਟਰ ਰਘਬੀਰ ਕੌਰ ਔਰਤ ਮੁਕਤੀ ਮੋਰਚਾ ਪੰਜਾਬ ਦੇ ਸਰਪ੍ਰਸਤ ਅਤੇ ਔਰਤ ਮੁਕਤੀ ਮੋਰਚਾ ਪੰਜਾਬ ਦੀ ਪ੍ਰਧਾਨ ਪ੍ਰੋਫੈਸਰ ਸੁਰਿੰਦਰ ਕੌਰ ਜੈਪਾਲ ਨੇ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਜਿੱਥੇ ਰਾਜਨੀਤਕ ਤਬਦੀਲੀ ਦੀ ਲੋੜ ਹੈ ਉਥੇ ਸਕੂਲਾਂ/ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਸਿਲੇਬਸ ਪੜ੍ਹਾਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ। ਨਸ਼ਿਆਂ ਦੇ ਪ੍ਰਸਾਰ ਲਈ ਜ਼ਿੰਮੇਵਾਰ ਪੁਲਸ ਤੇ ਨਸ਼ਾ ਮਾਫੀਆ ਦਾ ਨਾਪਾਕ ਗੱਠਜੋੜ ਤੋੜਨ ਲਈ ਪਿੰਡ ਪੱਧਰ 'ਤੇ ਨਸ਼ਾ ਰੋਕੂ ਕਮੇਟੀਆਂ ਬਣਾ ਕੇ ਆਪਣੀ ਰਾਖੀ ਆਪ ਕਰਨ ਲਈ ਜਥੇਬੰਦਕ ਏਕਾ ਉਸਾਰਨ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਨਰਿੰਦਰ ਕੌਰ ਪੱਟੀ, ਬਲਜਿੰਦਰ ਕੌਰ ਬੁਟਾਰੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਤਰਨ ਤਾਰਨ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਔਰਤ ਮੁਕਤੀ ਮੋਰਚੇ ਦਾ ਸੰਗਠਨ ਕੀਤਾ ਜਾਵੇਗਾ ਅਤੇ ਨਸ਼ਿਆਂ ਖਿਲਾਫ ਮੁਹਿੰਮ ਨੂੰ ਤੇਜ਼ ਕੀਤਾ ਜਾਵੇਗਾ। ਇਸ ਸਮੇਂ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ ਜਿਸ ਵਿਚ ਸ਼ਹੀਦ ਨੌਜਵਾਨ ਸਭਾ ਦੇ ਆਗੂ ਸੁਲੱਖਣ ਸਿਘ, ਜਮਹੂਰੀ ਕਿਸਾਨ ਸਭਾ ਦੇ ਆਗੂ ਭਜਨ ਸਿੰਘ ਪੱਟੀ, ਨਰਿੰਦਰ ਸਿੰਘ ਤੁੜ, ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਧਰਮ ਸਿੰਘ ਪੱਟੀ। ਇਸ ਸਮੇਂ ਨਸ਼ਿਆਂ ਦੇ ਖਿਲਾਫ ਮਾਰਚ ਅਤੇ ਸਰਕਾਰਾਂ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਦਲਬੀਰ ਕੌਰ, ਰਾਜਵਿੰਦਰ ਕੌਰ ਤੁੜ, ਰਾਜ ਕੌਰ ਕੋਟ, ਦਲਬੀਰ ਕੌਰ ਕੋਟ, ਦਲਜੀਤ ਕੌਰ ਕੋਟ, ਜਤਿੰਦਰ ਕੌਰ ਜਾਮਾਰਾਏ, ਰਜਵੰਤ ਕੌਰ ਜਾਮਾਰਾਏ, ਬਲਵਿੰਦਰ ਕੌਰ ਜਾਮਾਰਾਏ, ਸੰਦੀਪ ਕੌਰ ਜਾਮਾਰਾਏ, ਨਵਜੋਤ ਕੌਰ ਖਡੂਰ ਸਾਹਿਬ, ਗੁਰਬੀਰ ਕੌਰ ਮੁਗਲਾਣੀ, ਕਵਲਜੀਤ ਕੌਰ ਮੁਗਲਾਣੀ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਿਦਰ ਕੌਰ ਬੁਟਾਰੀ ਨੇ ਬਾਖੂਬੀ ਨਿਭਾਈ।

ਗੁਰਮਤਿ ਕੀਰਤਨ ਸਮਾਗਮ ਅਤੇ ਦਸਤਾਰ ਮੁਕਾਬਲੇ ਕਰਵਾਏ

ਕਾਹਨੂੰਵਾਨ (ਯਾਦਵਿੰਦਰ ਸਿੰਘ ਮਲਹੋਤਰਾ)-ਸਰਹੱਦਾਂ ਤੇ ਰਾਖੀ ਕਰਦੇ ਫੌਜੀ ਵੀਰਾਂ ਅਤੇ ਐੱਨਆਰਆਈ ਨੌਜਵਾਨਾਂ ਵਲੋਂ ਪਿੰਡ ਵਾਸੀਆਂ ਦੇ ਸਹਿਜੋਗ ਨਾਲ ਪਿੰਡ ਝੰਡਾ ਲੁਬਾਣਾ ਵਿਖੇ ਗੁਰਮਤਿ ਕੀਰਤਨ ਸਮਾਗਮ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ।

ਇਸ ਸਬੰਧੀ ਰੱਖੇ ਗਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਪਏ ਭੋਗ ਉਪਰੰਤ ਭਾਈ ਰਘਬੀਰ ਸਿੰਘ ਅਤੇ ਭਾਈ ਸਤਨਾਮ ਸਿੰਘ ਦੇ ਕੀਰਤਨੀ ਜਥੇ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਦਿਆ ਸੰਗਤਾ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ! ਭਾਈ ਗੁਰਪ੍ਰੀਤ ਸਿੰਘ ਲਾਡਰਾ ਵਾਲਿਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ! ਇਸ ਮੌਕੇ ਛੋਟੇ ਸਿੰਘਾਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ। ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਥਾਨ 'ਤੇ ਰਹਿਣ ਵਾਲੇ ਸਿੰਘਾਂ ਦੀ ਚੋਣ ਦਸਤਾਰ ਦੇ ਕੋਚ ਰਮਨਦੀਪ ਸਿੰਘ ਯੂਐੱਸਏ ਅਤੇ ਅਮਨਦੀਪ ਸਿੰਘ ਪੁਰਤਗਾਲ ਨੇ ਕੀਤੀ। ਇਸ ਦਸਤਾਰ ਮੁਕਾਬਲੇ 'ਚ ਨਵਜੋਤ ਸਿੰਘ ਨੇ ਪਹਿਲਾ, ਹਰਪ੍ਰੀਤ ਸਿੰਘ ਨੇ ਦੂਸਰਾ, ਸਹਿਲਪ੍ਰੀਤ ਸਿੰਘ ਨੇ ਤੀਸਰਾ ਅਤੇ ਅਭੀਜੋਤ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਥਾਨ 'ਤੇ ਰਹਿਣ ਵਾਲੇ ਸਿੰਘਾਂ ਨੂੰ ਸਮਾਗਮ ਪ੍ਰਬੰਧਕਾਂ ਨੇ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਮਾਗਮ ਪ੍ਰਬੰਧਕਾਂ ਵਲੋ ਰਾਗੀ ਢਾਡੀ ਜਥਿਆਂ ਤੋਂ ਇਲਾਵਾ ਹੋਰ ਸ਼ਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ! ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਅਰਮਿੰਦਰ ਸਿੰਘ, ਸੁਖਦੇਵ ਸਿੰਘ, ਤਰਲੋਚਨ ਸਿੰਘ, ਰੇਸ਼ਮ ਸਿੰਘ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ, ਰਣਜੀਤ ਸਿੰਘ, ਪੀਟੀ ਯੂਐੱਸਏ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ!

ਵੋਟਰ ਜਾਗਰੂਕਤਾ ਦਿਵਸ ਤਹਿਤ ਸਵੀਪ ਐਕਟੀਵਿਟੀ ਅਤੇ ਮੈਗਾ ਈਵੈਂਟ ਆਯੋਜਿਤ

* ਬੱਚਿਆਂ ਦੇ ਮਹਿੰਦੀ, ਰੰਗੋਲੀ, ਚਾਰਟ ਮੇਕਿੰਗ, ਫੂਡ ਮੇਕਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਦਫਤਰ ਜ਼ਿਲਾ ਮੈਜਿਸਟ੍ਰੇਟ ਮਜੀਠਾ 13 ਵੱਲੋਂ ਸ੍ਰੀ ਗੁਰੂ ਰਾਮਦਾਸ ਸੰਸਥਾਵਾਂ ਪੰਧੇਰ ਦੇ ਸਹਿਯੋਗ ਨਾਲ ਵੋਟਰ ਜਾਗਰੂਕਤਾ ਦਿਵਸ ਤਹਿਤ ਸਵੀਪ ਐਕਟੀਵਿਟੀ ਅਤੇ ਮੈਗਾ ਈਵੈਂਟ ਦਾ ਆਯੋਜਨ ਕਾਲਜ ਕੈਂਪਸ ਵਿਚ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜ਼ਿਲਾ ਮੈਜਿਸਟ੍ਰੇਟ ਮਜੀਠਾ ਹਰਨੂਰ ਕੌਰ ਢਿੱਲੋਂ ਨੇ ਸ਼ਮੂਲੀਅਤ ਕੀਤੀ। ਕੋਆਰਡੀਨੇਟਰ ਹਰਜਿੰਦਰ ਪਾਲ ਕੌਰ ਕੰਗ ਦੀ ਅਗਵਾਈ ਅਤੇ ਰੇਖਾ ਮਹਾਜਨ ਸਵੀਪ ਨੋਡਲ ਅਫਸਰ ਮਜੀਠਾ 13 ਦੀ ਰਹਿਨੁਮਾਈ ਹੇਠ ਪ੍ਰੋਗਰਾਮ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਦੇ ਮਹਿੰਦੀ, ਰੰਗੋਲੀ ਤੇ ਫੂਡ ਮੇਕਿਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਵਿਦਿਆਰਥੀਆਂ ਨੂੰ ਵੋਟਾਂ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੰਦੀ ਹੋਈ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਗੁਰੂ ਸਾਗਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਕਿੱਟ ਰਾਹੀਂ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਕਾਲਜ ਦੇ ਚੇਅਰਪਸਰਨ ਹਰਜਿੰਦਰ ਪਾਲ ਕੌਰ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਵਿਦਿਆਰਥੀਆਂ ਨੂੰ ਵੋਟ ਪਾਉਣ ਬਾਰੇ ਜਾਗਰੂਕ ਕੀਤਾ। ਇਸ ਮੌਕੇ ਮੁੱਖ ਮਹਿਮਾਨ ਡਾ. ਹਰਨੂਰ ਕੌਰ ਢਿੱਲੋਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਅਜੇ ਤੱਕ ਵੋਟ ਨਹੀਂ ਬਣਵਾਈ ਉਹ ਆਪਣੀ ਵੋਟ ਬਣਾਉਣ ਲਈ ਵੋਟਰ ਹੈਲਪ ਲਾਈਨ ਐਪ ਦੀ ਵਰਤੋਂ ਕਰਕੇ ਖੁਦ ਆਨ ਲਾਈਨ ਵੋਟਰ ਵਜੋਂ ਰਜਿਸਟਰਡ ਹੋ ਸਕਦੇ ਹਨ। ਇਸ ਮੌਕੇ ਨੋਡਲ ਅਫਸਰ ਰੇਨੂੰ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਨਲਾਈਨ ਤਰੀਕੇ ਰਾਹੀਂ ਵੋਟ ਵਿਚ ਸੁਧਾਈ ਦੇ ਤਰੀਕੇ ਬਾਰੇ ਜਾਣਕਾਰੀ ਦਿੱਤੀ। ਸਮਾਗਮ ਤੋਂ ਬਾਅਦ ਵਿਚ ਵੋਟਰ ਜਾਗਰੂਕਤਾ ਰੈਲੀ ਕੀਤੀ ਗਈ ਜਿਸ ਨੂੰ ਮੈਜਿਸਟ੍ਰੇਟ ਹਰਨੂਰ ਕੌਰ ਢਿੱਲੋਂ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਜੋ ਮਹੱਦੀਪੁਰ ਚੌਕ ਰਾਹੀਂ ਨੇੜਲੇ ਪਿੰਡਾਂ ਵਿੱਚੋਂ ਹੁੰਦੀ ਹੋਈ ਦੁਬਾਰਾ ਕਾਲਜ ਪੁੱਜ ਕੇ ਸਮਾਪਤ ਹੋਈ। ਸ਼ਮੂਲੀਅਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਧੰਨਵਾਦੀ ਭਾਸ਼ਣ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਮੀਨੂ ਚੌਧਰੀ ਨੇ ਕੀਤਾ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਮਨਦੀਪ ਸਿੰਘ ਬੋਪਰਾਏ, ਦਮਨਪ੍ਰੀਤ ਸਿੰਘ, ਪ੍ਰਿੰ. ਰਵਿੰਦਰ ਰਾਣਾ, ਪ੍ਰਿੰ. ਅਨਮੋਲਦੀਪ ਕੌਰ, ਮੀਨਾਕਸ਼ੀ ਮਹਿਤਾ, ਜਤਿੰਦਰ ਕੌਰ, ਸ਼ਵੇਤਾ ਸ਼ਰਮਾ, ਸ਼ੇਫਾਲੀ, ਚਰਨਜੀਤ ਕੌਰ, ਅਵਨੀਤ ਕੌਰ, ਜਗਦੀਸ਼ ਕੌਰ, ਰੁਪਾਲੀ, ਰਾਜਵਿੰਦਰ ਕੌਰ, ਕਨੂੰ ਪ੍ਰਿਆ, ਨੀਤਿਕਾ, ਹਰਮਨਦੀਪ ਕੌਰ, ਸਿਮਰਨ ਸੰਧ

20-Nov-PAGE-12.qxd 11/19/2023 9:49 PM Page 1

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕਨਵੈਨਸ਼ਨ

ਜੰਡਿਆਲਾ ਗੁਰੂ (ਨਜ਼ਸ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਸਾਂਝੀ ਕਨਵੈਨਸ਼ਨ ਜੰਡਿਆਲਾ ਗੁਰੂ ਵਿਖੇ ਹੋਈ ਜਿਸਦੀ ਪ੍ਰਧਾਨਗੀ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਚਮਨ ਲਾਲ ਦਰਾਜਕੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਮੰਗਲ ਸਿੰਘ ਖੁਜਾਲਾ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਗੁਰਨਾਮ ਸਿੰਘ ਤਲਵੰਡੀ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਨਿਰਮਲ ਸਿੰਘ ਛੱਜਲਵੱਡੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਰਾਜ ਕੁਮਾਰ ਪੰਡੋਰੀ ਨੇ ਕੀਤੀ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਸਿੰਘ ਦਾਊਦ, ਪੰਜਾਬ ਖੇਤ ਮਜ਼ਦੂਰ ਦੇ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਜਸਬੀਰ ਸਿੰਘ ਝਬਾਲ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਸੁਰਜੀਤ ਸਿੰਘ ਦੁਧਰਾਏ, ਗੁਰਨਾਮ ਸਿੰਘ ਭਿੰਡਰ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਰਾਣਾ ਮਸੀਹ, ਗੁਰਦੀਪ ਸਿੰਘ ਭਿੱਖੀਵਿੰਡ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਗੁਰਦੀਪ ਸਿੰਘ ਗੁਰਵਾਲੀ, ਸਾਂਝੇ ਮਜ਼ਦੂਰ ਮੋਰਚੇ ਵੱਲੋਂ ਕਿਹਾ ਗਿਆ ਕਿ ਪੰਜਾਬ ਸਰਕਾਰ ਗਰੀਬ ਲੋਕਾਂ ਨੂੰ 10-10 ਮਰਲੇ ਦੇ ਪਲਾਟ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਦੀ ਗ੍ਰਾਂਟ ਦੇਵੇ, ਪਹਿਲਾਂ ਕੱਟੇ ਹੋਏ ਰਿਹਾਇਸ਼ੀ ਪਲਾਟਾਂ ਦੇ ਕਬਜ਼ੇ ਦਿੱਤੇ ਜਾਣ, ਪਿੰਡ ਵਿੱਚ ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਮਨਰੇਗਾ ਕਾਨੂੰਨ ਤਹਿਤ ਹਰ ਲੋੜਵੰਦ ਗਰੀਬ ਮਜ਼ਦੂਰ ਨੂੰ ਸਾਰਾ ਸਾਲ ਮਨਰੇਗਾ ਦਾ ਕੰਮ ਦਿੱਤਾ ਜਾਵੇ ਅਤੇ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ। ਪੰਜਾਬ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਪੰਜਾਬ ਵਿੱਚ ਸੰਘਰਸ਼ ਤਿੱਖਾ ਕੀਤਾ ਜਾਵੇਗਾ।

ਸੈਰ-ਸਪਾਟੇ ਨੂੰ ਵਿਕਸਤ ਕਰਨਾ ਸਰਕਾਰ ਦੀਆਂ ਮੁੱਖ ਤਰਜੀਹਾਂ 'ਚੋਂ ਇੱਕ : ਅਨਮੋਲ ਗਗਨ ਮਾਨ

ਚੰਡੀਗੜ੍ਹ/ਨਵੀਂ ਦਿੱਲੀ, (ਗੁਰਜੀਤ ਬਿੱਲਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਈਕੋ-ਟੂਰਿਜਮ, ਐਡਵੈਂਚਰ ਤੇ ਵਾਟਰ ਸਪੋਰਟਸ ਤੇ ਸੈਰ-ਸਪਾਟੇ ਨੂੰ ਸਮੁੱਚੇ ਰੂਪ ਵਿਚ ਵਿਕਸਿਤ ਕਰਨ ਨੂੰ ਸਰਕਾਰ ਦੀਆਂ ਮੁੱਖ ਤਰਜੀਹਾਂ 'ਚ ਰੱਖਣ ਦਾ ਜਿਕਰ ਕਰਦਿਆਂ ਪੰਜਾਬ ਦੇ ਸੈਰ-ਸਪਾਟਾ, ਸਭਿਆਚਾਰਕ ਮਾਮਲੇ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵੱਲੋਂ ਇਨ੍ਹਾਂ ਖੇਤਰਾਂ ਵਿਚ ਕੀਤੇ ਜਾ ਰਹੇ ਉਪਰਾਲਿਆਂ ਦੇ ਨੇੜਲੇ ਭਵਿੱਖ 'ਚ ਮਿਸਾਲੀ ਨਤੀਜੇ ਸਾਹਮਣੇ ਆਉਣਗੇ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੱਲੋਂ ਇਥੋਂ ਦੇ ਪ੍ਰਗਤੀ ਮੈਦਾਨ ਵਿਖੇ ਚੱਲ ਰਹੇ ਭਾਰਤ-ਅੰਤਰਰਾਸ਼ਟਰੀ ਵਪਾਰ ਮੇਲਾ-2023 ਦੌਰਾਨ ਸ਼ਨੀਵਾਰ ਸ਼ਾਮ ਮਨਾਏ ਗਏ ਪੰਜਾਬ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸੈਰ-ਸਪਾਟਾ ਖੇਤਰ ਦੀਆਂ ਸਮੁੱਚੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਜਾ ਰਿਹਾ ਹੈ ਤਾਂ ਜੋ ਵਿਦੇਸ਼ਾਂ 'ਚ ਵਸਦੇ ਪੰਜਾਬੀ, ਵਿਦੇਸ਼ੀ ਸੈਲਾਨੀ, ਭਾਰਤ ਦੇ ਵੱਖ-ਵੱਖ ਖੇਤਰਾਂ 'ਚੋਂ ਆਉਣ ਵਾਲੇ ਲੋਕ ਪੰਜਾਬ ਦੇ ਇਤਿਹਾਸਕ ਤੇ ਸੈਰ-ਸਪਾਟੇ ਦੇ ਸਥਾਨਾ ਤੇ ਵਿਰਾਸਤੀ ਪਹਿਲੂਆਂ ਦੀ ਅਮੀਰੀ ਨੂੰ ਮਾਣ ਸਕਣ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਹੈ ਕਿ ਪੰਜਾਬ ਦੇ ਵਿਰਾਸਤੀ ਮੇਲਿਆਂ ਤੇ ਤਿਉਹਾਰਾਂ ਨੂੰ ਸਰਕਾਰ ਵੱਲੋਂ ਮਨਾਇਆ ਜਾ ਰਿਹਾ ਹੈ ਤੇ ਇਸ ਲਈ ਵੱਖਰੇ ਤੌਰ ਤੇ 15 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਟੂਰਿਜਮ ਸਮਿਟ ਬਹੁਤ ਕਾਮਯਾਬ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਪੰਜਾਬ ਨੂੰ ਟੂਰਿਜਮ ਖੇਤਰ ਵਿਚ ਭਾਰਤ ਦੇ ਹੋਰਨਾਂ ਸੂਬਿਆਂ ਵਿਚ ਮੋਹਰੀ ਸਥਾਨ ਤੇ ਲਿਆਉਣਾ ਹੈ। ਸਮਾਗਮ ਦੌਰਾਨ ਨਾਮਵਰ ਪੰਜਾਬੀ ਗਾਇਕਾ ਅਫਸਾਨਾ ਖਾਨ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਵੱਲੋਂ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਚੇਅਰਮੈਨ ਪੀ.ਐਸ.ਆਈ.ਈ.ਸੀ ਦਲਵੀਰ ਸਿੰਘ,ਪ੍ਰਮੁੱਖ ਸਕੱਤਰ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਸ਼੍ਰੀਮਤੀ ਰਾਖੀ ਗੁਪਤਾ ਭੰਡਾਰੀ, ਗਾਇਕਾ ਅਫਸਾਨਾ ਖਾਨ, ਭੰਗੜਾ ਕਲਾਕਾਰ ਭੋਲਾ ਕਲਿਹਰੀ ਦਾ ਸਨਮਾਨ ਕੀਤਾ ਗਿਆ। ਵਧੀਕ ਡਾਇਰੈਕਟਰ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਰਾਕੇਸ਼ ਕੁਮਾਰ ਪੋਪਲੀ, ਪ੍ਰਸ਼ਾਸਕ ਪੰਜਾਬ ਪੈਵਿਲੀਅਨ ਦਵਿੰਦਰ ਪਾਲ ਸਿੰਘ, ਡਿਪਟੀ ਪ੍ਰਸ਼ਾਸਕ ਗੁਰਪ੍ਰੀਤ ਸਿੰਘ ਤੇ ਹੋਰ ਹਾਜਰ ਸਨ।

ਲਾਲ ਬੱਤੀਆਂ ਨਾ ਹੋਣ ਕਾਰਨ ਟਰੈਫਿਕ ਜਾਮ ਦੀ ਗੰਭੀਰ ਸਮੱਸਿਆ

ਮੋਰਿੰਡਾ (ਜੈਜੀ ਸਰਦਾਰ)- ਸਥਾਨਕ ਸ੍ਰੀ ਚਮਕੌਰ ਸਾਹਿਬ ਚੌਕ ਵਿੱਚ ਰੋਜ਼ਾਨਾ ਹੀ ਟਰੈਫਿਕ ਜਾਮ ਵਰਗੀ ਗੰਭੀਰ ਸਮੱਸਿਆ ਬਣੀ ਰਹਿੰਦੀ ਹੈ। ਕਿਉਂਕਿ ਇਹ ਇੱਕ ਚੋਰਾਹਾ ਚੌਕ ਹੋਣ ਕਾਰਨ ਟਰੈਫਿਕ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦਾ ਹੈ। ਇਸ ਚੌਕ ਵਿੱਚ ਨਾ ਹੀ ਕੋਈ ਲਾਲ ਬੱਤੀਆਂ ਹਨ ਅਤੇ ਨਾ ਹੀ ਕੋਈ ਟਰੈਫਿਕ ਪੁਲਿਸ ਮੁਲਾਜ਼ਮ ਤੈਨਾਤ ਹੈ। ਜਿਸ ਕਰਕੇ ਇਸ ਨੂੰ ਪਾਰ ਕਰਨ ਲਈ ਲੋਕਾਂ ਵਿੱਚ ਜੱਦੋਜਹਿਦ ਅਕਸਰ ਦੇਖੀ ਜਾ ਸਕਦੀ ਹੈ। ਇਲਾਕਾ ਨਿਵਾਸੀਆਂ ਵੱਲੋਂ ਹਲਕਾ ਵਿਧਾਇਕ ਚਰਨਜੀਤ ਸਿੰਘ ਤੋਂ ਮੰਗ ਕੀਤੀ ਗਈ ਹੈ ਕਿ ਸ੍ਰੀ ਚਮਕੌਰ ਸਾਹਿਬ ਚੌਕ ਵਿੱਚ ਲਾਲ ਬੱਤੀਆਂ ਜਲਦ ਤੋਂ ਜਲਦ ਲਗਵਾਈਆਂ ਜਾਣ ਤਾਂ ਜੋ ਟਰੈਫਿਕ ਜਾਮ ਵਰਗੀ ਸਮੱਸਿਆ ਅਤੇ ਅਣਸੁਖਾਵੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਕੋਟ ਧਰਮ ਚੰਦ ਕਲਾਂ 'ਚ ਖੁੱਲ੍ਹੀ ਵਿਕਾਸ ਦੀ ਪੋਲ

ਕੋਟ ਧਰਮ ਚੰਦ ਕਲਾਂ (ਨਜ਼ਸ)-ਕਾਮਰੇਡ ਸੁਖਦੇਵ ਸਿੰਘ ਕੋਟ ਅਤੇ ਕਾਮਰੇਡ ਬਲਵਿੰਦਰ ਸਿੰਘ ਕੋਟ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ, ਕਾਮਰੇਡ ਬਲਵਿੰਦਰ ਸਿੰਘ ਕੋਟ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਪਿਛਲੀਆਂ ਸਰਕਾਰਾਂ ਆਪਣੇ-ਆਪਣੇ ਵਿਕਾਸ ਦੀਆਂ ਬਹੁਤ ਟਾਹਰਾਂ ਮਾਰਦੀਆਂ ਹਨ ਅਤੇ ਬਹੁਤ ਵੱਡੀ ਪੱਧਰ 'ਤੇ ਗਰਾਂਟਾਂ ਵੀ ਮਿਲੀਆਂ ਹਨ ਪਰ ਕੋਟ ਧਰਮ ਚੰਦ ਕਲਾਂ ਦੀ ਇਕ ਅਜਿਹੀ ਤਾਜ਼ੀ ਮਿਸਾਲ ਮਿਲਦੀ ਹੈ ਜਿਥੇ ਪਿੰਡ ਵਿੱਚ ਸੀਵਰੇਜ ਬਿਲਕੁਲ ਬੰਦ ਪਏ ਹਨ, ਸੜਕਾਂ ਉੱਪਰ ਪਾਣੀ ਖੜ੍ਹਾ ਹੈ, ਮਜ਼ਦੂਰਾਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮਜ਼ਦੂਰਾਂ ਦੇ ਪਰਿਵਾਰ ਗੰਦਗੀ ਦੇ ਕਾਰਨ ਬਿਮਾਰੀਆਂ ਦੇ ਸ਼ਿਕਾਰ ਵੀ ਹੋ ਸਕਦੇ ਹਨ। ਉਨ੍ਹਾਂ ਹਲਕਾ ਵਿਧਾਇਕ ਅਤੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਇਸ ਪ੍ਰਸ਼ਾਸਨਿਕ ਅਣਗਹਿਲੀ ਵੱਲ ਫੌਰੀ ਤੌਰ 'ਤੇ ਧਿਆਨ ਦਿੱਤਾ ਜਾਵੇ, ਬੰਦ ਪਏ ਸੀਵਰੇਜਾਂ ਦੀ ਸਫਾਈ ਕਰਵਾ ਕੇ ਚਾਲੂ ਕੀਤੇ ਜਾਣ। ਇਸ ਮੌਕੇ ਕਾਮਰੇਡ ਬੀਰ ਸਿੰਘ ਕੋਟ, ਅਮ੍ਰਿਤਪਾਲ ਸਿੰਘ ਕੋਟ, ਅਮਰੀਕ ਸਿੰਘ ਕੋਟ, ਬਗੀਚਾ ਸਿੰਘ ਕੋਟ ਅਤੇ ਰਾਕੇਸ਼ ਸਿੰਘ ਕੋਟ ਆਦਿ ਹਾਜ਼ਰ ਸਨ।

ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਪੈਨਸ਼ਨ ਅਦਾਲਤ 22 ਨੂੰ

ਜਲੰਧਰ (ਸ਼ੈਲੀ ਐਲਬਰਟ) : ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੈਨਸ਼ਨਰਾਂ ਦੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਅਕਾਊਂਟੈਂਟ ਜਨਰਲ ਦਫ਼ਤਰ ਪੰਜਾਬ ਤੇ ਚੰਡੀਗੜ੍ਹ ਵੱਲੋਂ 22 ਨਵੰਬਰ ਨੂੰ ਆਡਿਟ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਪੈਨਸ਼ਨ ਅਦਾਲਤ ਲਗਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੁਢਾਪਾ, ਵਿਧਵਾ, ਫੈਮਲੀ ਪੈਨਸ਼ਨਰਾਂ ਸਮੇਤ ਜ਼ਿਲ੍ਹੇ ਦਾ ਕੋਈ ਵੀ ਪੈਨਸ਼ਨਰ ਇਸ ਅਦਾਲਤ ਵਿੱਚ ਸੁਣਵਾਈ ਲਈ ਆਪਣੀ ਸ਼ਿਕਾਇਤ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੈਨਸ਼ਨਰ ਸਬੰਧਤ ਵਿਭਾਗਾਂ ਦੇ ਜ਼ਿਲ੍ਹਾ ਦਫਤਰਾਂ ਪਾਸ ਅਗਾਊਂ ਵੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ, ਜਿਨ੍ਹਾਂ ਦੀ ਸੁਣਵਾਈ ਅਦਾਲਤ ਦੌਰਾਨ ਕੀਤੀ ਜਾਵੇਗੀ। ਸਾਰੰਗਲ ਨੇ ਅੱਗੇ ਦੱਸਿਆ ਕਿ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਕੇ 'ਤੇ ਮੌਜੂਦ ਹੋਣਗੇ। ਉਨ੍ਹਾਂ ਪੈਨਸ਼ਨਧਾਰਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ 22 ਨਵੰਬਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਲੱਗਣ ਵਾਲੀ ਇਸ ਪੈਨਸ਼ਨ ਅਦਾਲਤ ਵਿੱਚ ਆਪਣੇ ਜਾਂ ਪਰਿਵਾਰਕ ਪੈਨਸ਼ਨ ਦੇ ਮਾਮਲੇ ਲਿਆ ਸਕਦੇ ਹਨ ਤਾਂ ਜੋ ਮੌਕੇ 'ਤੇ ਹੀ ਮੌਜੂਦ ਅਕਾਊਂਟੈਂਟ ਜਨਰਲ (ਏ ਐਂਡ ਈ) ਪੰਜਾਬ ਦੇ ਅਧਿਕਾਰੀ ਸਬੰਧਤ ਜ਼ਿਲ੍ਹਾ ਵਿਭਾਗ ਨਾਲ ਤਾਲਮੇਲ ਕਰਕੇ ਸਮੱਸਿਆ ਦਾ ਨਿਪਟਾਰਾ ਕਰ ਸਕਣ।

ਕਿਸਾਨ ਕਮੇਟੀ ਦੋਆਬਾ ਭਲਕੇ ਧੰਨੋਵਾਲੀ ਰੇਲਵੇ ਫਾਟਕ ਵਿਖੇ ਮੋਰਚੇ 'ਚ ਸ਼ਾਮਲ ਹੋਵੇਗੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) -ਅੱਜ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਉਪਰੰਤ ਯੂਨੀਅਨ ਦੇ ਜਨਰਲ ਸਕੱਤਰ ਹਰਬੰਸ ਸਿੰਘ ਸੰਧਾ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦੇਂਦੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਗੰਨਾ ਕਾਸ਼ਤਕਾਰਾਂ ਦੀਆਂ ਮੰਗਾਂ ਦੇ ਸੰਬੰਧ ਵਿੱਚ ਕਿਸਾਨ ਕਮੇਟੀ ਦੋਆਬਾ ਪੰਜਾਬ 21 ਨਵੰਬਰ ਨੂੰ ਧੰਨੋਵਾਲੀ ਰੇਲਵੇ ਫਾਟਕ ਜੰਲਧਰ ਵਿਖੇ ਪੱਕੇ ਮੋਰਚੇ ਵਿੱਚ ਸ਼ਾਮਲ ਹੋਵੇਗੀ । 26-27-28 ਨਵੰਬਰ ਨੂੰ ਗਵਰਨਰ ਹਾਊਸ ਚੰਡੀਗੜ੍ਹ ਅੱਗੇ ਧਰਨੇ ਵਿੱਚ ਸ਼ਾਮਲ ਹੋਣ ਲਈ ਯੂਨੀਅਨ ਦੇ ਵਰਕਰਾਂ ਦੀਆ ਡਿਊਟੀਆਂ ਲਾਈਆਂ ਗਈਆਂ ਹਨ। ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਇਨ੍ਹਾਂ ਧਰਨਿਆਂ ਵਿੱਚ ਹਾਜ਼ਰ ਹੋਣ।

ਸ਼ਹੀਦ ਸਾਡੇ ਦੇਸ਼ ਦਾ ਗੌਰਵ, ਉਨ੍ਹਾਂ ਦੀ ਕੁਰਬਾਨੀ ਅਨਮੋਲ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, (ਓ ਪੀ ਰਾਣਾ)-ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹੀਦ ਸਾਡੇ ਦੇਸ਼ ਦਾ ਗੌਰਵ ਹਨ ਅਤੇ ਦੇਸ਼ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸਮਾਜ ਆਪਣੇ ਸ਼ਹੀਦਾਂ ਦਾ ਕਰਜ਼ਾ ਕਦੇ ਨਹੀਂ ਚੁਕਾ ਸਕਦਾ। ਉਹ ਲਾਜਪਤ ਰਾਏ ਸਿੱਖਿਆ ਕੇਂਦਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼ਹੀਦ ਲਾਲਾ ਲਾਜਪਤ ਰਾਏ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰਨ ਮੌਕੇ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਇਕ ਉੱਘੇ ਆਜ਼ਾਦੀ ਘੁਲਾਟੀਏ ਸਨ, ਜਿਨ੍ਹਾਂ ਨੂੰ ਅਸੀਂ ਪੰਜਾਬ ਕੇਸਰੀ ਵਜੋਂ ਵੀ ਜਾਣਦੇ ਹਾਂ। ਉਨ੍ਹਾਂ ਨੇ ਅੰਗਰੇਜ਼ੀ ਅਰਥਵਿਵਸਥਾ ਦੇ ਸਮਾਨਾਂਤਰ ਪੰਜਾਬ ਨੈਸ਼ਨਲ ਬੈਂਕ ਅਤੇ ਲਕਸਮੀ ਇੰਸ਼ੋਰੈਂਸ ਕੰਪਨੀ ਦੀ ਸਥਾਪਨਾ ਕੀਤੀ ਸੀ। ਆਜ਼ਾਦੀ ਲਹਿਰ ਦੀ ਅਗਵਾਈ ਕਰਨ ਵਾਲੇ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਅੰਗਰੇਜ਼ਾਂ ਵੱਲੋਂ ਕੀਤੇ ਲਾਠੀਚਾਰਜ ਵਿਚ ਜ਼ਖਮੀ ਹੋ ਕੇ ਸ਼ਹੀਦ ਹੋ ਗਏ ਸਨ। ਜਿੰਪਾ ਨੇ ਕਿਹਾ ਕਿ ਲਾਜਪਤ ਰਾਏ ਐਜੂਕੇਸ਼ਨ ਸੈਂਟਰ ਵਿੱਦਿਆ ਦੇ ਖੇਤਰ ਵਿਚ ਅਹਿਮ ਰੋਲ ਅਦਾ ਕਰ ਰਿਹਾ ਹੈ ਅਤੇ ਬੱਚਿਆਂ ਨੂੰ ਵਧੀਆ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਦੇ ਰਿਹਾ ਹੈ, ਜੋ ਕਿ ਸ਼ਲਾਘਾਯੋਗ ਕਾਰਜ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਵੀ ਇਸੇ ਸਕੂਲ ਤੋਂ ਲਈ ਹੈ। ਇਸ ਦੌਰਾਨ ਉਨ੍ਹਾਂ ਆਪਣੇ ਸਕੂਲ ਸਮੇਂ ਅਤੇ ਅਧਿਆਪਕਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਦਿੱਤੀ। ਉਨ੍ਹਾਂ ਲਾਜਪਤ ਰਾਏ ਵਿੱਦਿਅਕ ਸੰਸਥਾ ਨੂੰ ਦੋ ਲੱਖ ਰੁਪਏ ਦੇਣ ਦ